# ਪਾਠ ਨੰ 1 ਰਾਜਨੀਤੀ ਵਿਗਿਆਨ ਦਾ ਅਰਥ ਖੇਤਰ ਅਤੇ ਮਹੱਤਤਾ

4. ਇਹਨਾਂ ਪ੍ਰਸ਼ਨਾਂ ਦਾ ਉੱਤਰ 60 ਤੋਂ 75 ਸ਼ਬਦਾਂ ਵਿੱਚ ਦਿਓ—

1. ਰਾਜਨੀਤੀ ਵਿਗਿਆਨ ਦੀ ਇੱਕ ਪ੍ਰੰਪਰਾਗਤ ਅਤੇ ਇੱਕ ਆਧੁਨਿਕ ਪਰਿਭਾਸ਼ਾ ਲਿਖੋ।

ਉੱਤਰ : ਰਾਜਨੀਤੀ ਸ਼ਾਸਤਰ ਦੀ ਇੱਕ ਪਰੰਪਰਾਗਤ ਪਰਿਭਾਸ਼ਾ:-
ਗਾਰਨਰ ਦੇ ਅਨੁਸਾਰ` ਰਾਜਨੀਤੀ ਵਿਗਿਆਨ ਦਾ ਆਰੰਭ ਅਤੇ ਅੰਤਰ ਰਾਜ ਨਾਲ ਹੁੰਦਾ" ਹੈ।
ਰਾਜਨੀਤੀ ਸ਼ਾਸਤਰ ਦੀ ਆਧੁਨਿਕ ਪਰਿਭਾਸ਼ਾ:- ਰਾਬਰਟ ਏ ਡਾਲ ਦੇ ਅਨੁਸਾਰ `ਰਾਜਨੀਤੀ ਵਿਗਿਆਨ ਦਾ ਵਿਸ਼ਲੇਸ਼ਣ ਸ਼ਕਤੀ ਅਤੇ ਸੱਤਾ ਨਾਲ ਸੰਬੰਧਿਤ ਹੈ"।

2. ਗੈਰ ਰਾਜਨੀਤਕ ਤੱਥਾਂ ਤੋਂ ਕੀ ਭਾਵ ਹੈ?

ਉੱਤਰ : ਗੈਰ ਰਾਜਨੀਤਿਕ ਤੱਤ: ਰਾਜਨੀਤੀ ਵਿਗਿਆਨ ਵਿੱਚ ਵਿਧਾਨ ਪਾਲਿਕਾ ,ਕਾਰਜ ਪਾਲਿਕਾ, ਨਿਆਪਾਲਕਾ, ਰਾਸ਼ਟਰਪਤੀ ,ਪ੍ਰਧਾਨ ਮੰਤਰੀ ਆਦਿ ਸੰਸਥਾਵਾਂ ਦੇ ਨਾਲ ਨਾਲ ਗਰੀਬੀ, ਜਾਤ, ਧਰਮ ,ਨਸਲ, ਭਾਸ਼ਾ ,ਅਨਪੜ੍ਹਤਾ ਤੱਥਾਂ ਦਾ ਅਧਿਐਨ ਵੀ ਕੀਤਾ ਜਾਂਦਾ ਹੈ। ਇਹ ਤੱਤ ਭਾਵੇਂ ਸਿੱਧੇ ਰੂਪ ਵਿੱਚ ਰਾਜਨੀਤੀ ਨਾਲ ਜੁੜੇ ਨਹੀਂ ਹੁੰਦੇ ਪ੍ਰੰਤੂ ਰਾਜਨੀਤਿਕ ਸੰਸਥਾਵਾਂ ਫੈਸਲੇ ਲੈਣ ਅਤੇ ਮਨੁੱਖੀ ਵਿਵਹਾਰ ਉਪਰ ਆਪਣਾ ਅਸਰ ਪਾਉਂਦੇ ਹਨ ਉਦਾਹਰਨ ਵਜੋਂ ਜਾਤ ਧਰਮ ਆਦਿ ਨੇ ਭਾਰਤ ਦੀ ਰਾਜਨੀਤੀ ਦਾ ਮੁਹਾਂਦਰਾ ਹੀ ਬਦਲ ਦਿੱਤਾ ਹੈ

3. ਵਿਸ਼ਿਸਟ ਵਰਗ ਕੌਣ ਹੁੰਦੇ ਹਨ?

ਉੱਤਰ : ਪਰੇਟੋ ਅਤੇ ਮੋਸਕਾ ਵਰਗੇ ਵਿਚਾਰਕਾਂ ਨੇ ਵਿਚਾਰ ਪੇਸ਼ ਕੀਤਾ ਹੈ ਕਿ ਸਮਾਜ ਵਿੱਚ ਦੋ ਵਰਗ ਹੁੰਦੇ ਹਨ ਸ਼ਾਸਕ ਅਤੇ ਸ਼ਾਸਕ ਹਰ ਸਮਾਜ ਵਿੱਚ ਸ਼ਾਸਨ ਕਰਨ ਵਾਲਾ ਵਰਗ ਹਰ ਹਾਲਤ ਵਿੱਚ ਸੱਤਾ ਦੇ ਰੂਪ ਵਿੱਚ ਅੱਗੇ ਹੁੰਦਾ ਹੈ ਸ਼ਾਸਿਤ ਹਾਰ ਰੂਪ ਵਿੱਚ ਸ਼ਾਸਕ ਦੀ ਆਗਿਆ ਦਾ ਪਾਲਣ ਕਰਦੇ ਹਾਂ ਕੁਝ ਲੋਕ ਮੋਹਰਲੀ ਕਤਾਰ ਵਿੱਚ ਆਉਂਦੇ ਹਨ ਅਤੇ ਬਾਕੀ ਉਸ ਦੀ ਨਕਲ ਕਰਦੇ ਹਾਂ ਇਸੇ ਤਰਹਾਂ ਹਰ ਖੇਤਰ ਵਿੱਚ ਵਿਸ਼ਿਸ਼ਟ ਵਰਗ ਹੀ ਅਗਵਾਈ ਕਰਦਾ ਹੈ ਭਾਵੇਂ ਉਹ ਆਰਕਿਤ ਆਰਥਿਕ ਖੇਤਰ ਹੋਵੇ ਫਿਲਮਾਂ ਸੰਗੀਤ ਜਾਂ ਬੁੱਧੀਜੀਵੀ ਜਾਂ ਸੱਤਾ ਜਾਂ ਪ੍ਰਸ਼ਾਸਨ ਆਦ ਦਾ ਖੇਤਰ ਹੋਵੇ ਇਸੇ ਤਰ੍ਹਾਂ ਵਿਸ਼ਿਸ਼ਟ ਵਰਗ ਰਾਜਨੀਤੀ ਵਿੱਚ ਵੀ ਆਪਣਾ ਪ੍ਰਭਾਵ ਪਾਉਂਦੇ ਹਨ ਰਾਜਨੀਤਿਕ ਪਾਰਟੀਆਂ ਰਾਜ ਘਰਾਣੇ ਨਾਲ ਸੰਬੰਧਿਤ ਲੋਕ ਲੋਕਤੰਤਰੀ ਰੂਪ ਵਿੱਚ ਆਉਂਦੇ ਹਨ ਪ੍ਰੰਤੂ ਕਬਜ਼ਾ ਕੁਝ ਕੁ ਲੋਕਾਂ ਦਾ ਹੁੰਦਾ ਹੈ ਜੋ ਸ਼ਾਸਨ ਤੇ ਆਪਣਾ ਪ੍ਰਭਾਵ ਪਾਉਂਦੇ ਹਨ

4. ਰਾਜਨੀਤੀ ਵਿਦਿਆਰਥੀ ਜੀਵਨ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ?

ਉੱਤਰ : ਰਾਜਨੀਤੀ ਵਿਦਿਆਰਥੀਆਂ ਨੂੰ ਸਿੱਧੇ ਤੌਰ ਤੇ ਪ੍ਰਭਾਵਿਤ ਕਰਦੀ ਹੈ ਕਿਉਂਕਿ ਵਿਦਿਆਰਥੀ ਦੇਸ਼ ਦੇ ਨਾਗਰਿਕ ਹੋਣ ਦੇ ਨਾਤੇ ਉਹਨਾਂ ਲਈ ਇਹ ਜਰੂਰੀ ਹੈ ਕਿ ਉਹਨਾਂ ਨੂੰ ਦੇਸ਼ ਦੀ ਰਾਜਨੀਤਿਕ ਪ੍ਰਣਾਲੀ ਬਾਰੇ ਜਾਣਕਾਰੀ ਹੋਵੇ ਕੋਈ ਵੀ ਸਰਕਾਰੀ ਨੌਕਰੀ ਲਈ ਪੇਪਰ ਹੁੰਦਾ ਹੈ ਤਾਂ ਕੁਝ ਹਿੱਸਾ ਰਾਜਨੀਤੀ ਵਿਗਿਆਨ ਨਾਲ ਸੰਬੰਧਿਤ ਹੁੰਦਾ ਹੈ ਦੂਸਰਾ ਅੱਜ ਦੇ ਵਿਦਿਆਰਥੀ ਅਤੇ ਨੌਜਵਾਨ ਕੱਲ ਦੇ ਨੇਤਾ ਬਣਦੇ ਹਨ ਜਾਂ ਸਰਕਾਰੀ ਅਫਸਰ ਦੇ ਤੌਰ ਤੇ ਦੇਸ਼ ਦੀ ਸੇਵਾ ਕਰਦੇ ਹਨ ਜਾਂ ਫਿਰ ਇੱਕ ਵਧੀਆ ਨਾਗਰਿਕ ਦੀ ਭੂਮਿਕਾ ਨਿਭਾਉਣ ਵਿੱਚ ਰਾਜਨੀਤੀ ਦਾ ਬੜਾ ਮਹੱਤਵ ਹੈ

## ਪਾਠ ਨੰ 2 **ਕਨੂੰਨ ਅਤੇ ਨਿਆਂ**

5. ਜਾਤੀਵਾਦ ਅਤੇ ਸਮਾਜਿਕ ਨਿਆਂ ਦੇ ਸਬੰਧ ਬਾਰੇ ਲਿਖੋ।

ਉੱਤਰ : ਜਾਤੀਵਾਦ ਅਤੇ ਸਮਾਜਿਕ ਨਿਆ ਦਾ ਗੂੜਾ ਸਬੰਧ ਹੈ ਜਦੋਂ ਜਾਤ ਪਾਤ ਦੇ ਆਧਾਰ ਤੇ ਵਿਤਕਰਾ ਕੀਤਾ ਜਾਂਦਾ ਹੈ ਜਾਂ ਭੇਦਭਾਵ ਵਾਲੀਆਂ ਪ੍ਰਣਾਲੀਆਂ ਲਾਗੂ ਹੁੰਦੀਆਂ ਹਨ ਉੱਥੇ ਸਮਾਜਿਕ ਨਿਆ ਨਹੀਂ ਹੋ ਸਕਦਾ ਸਮਾਜਿਕ ਜਾਂ ਤਾਂ ਹੀ ਸੰਭਵ ਹੈ ਜਦੋਂ ਵੀ ਜਾਤ ਰੰਗ ਨਸਲ ਲਿੰਗ ਦੇ ਅਧਾਰ ਤੇ ਕੋਈ ਵਿਤਕਰਾ ਨਹੀਂ ਕੀਤਾ ਜਾਂਦਾ ਇਸ ਕਰਕੇ ਭਾਰਤ ਵਿੱਚ ਅਸੀਂ ਦੇਖਦੇ ਹਾਂ ਕਿ ਜਾਤ ਅਧਾਰ ਤੇ ਨਿਆ ਦੀਆਂ ਗਲਤ ਧਾਰਨਾਵਾਂ ਪ੍ਰਚਲਤ ਰਹੀਆਂ ਹਨ

6. ਕਨੂੰਨੀ ਨਿਆਂ ਤੋਂ ਕੀ ਭਾਵ ਹੈ?

ਉੱਤਰ : ਕਨੂੰਨੀ ਨਿਆਂ ਤੋਂ ਭਾਵ ਹੈ ਕਾਨੂੰਨਾ ਕਨੂੰਨੀ ਪ੍ਰਕਿਰਿਆ ਅਤੇ ਕਾਨੂੰਨੀ ਸੰਸਥਾਵਾਂ ਦੁਆਰਾ ਹਰ ਵਿਅਕਤੀ ਨਾਲ ਸਨਮਾਨ ਵਿਵਹਾਰ ਕਾਨੂੰਨੀ ਨਿਆਨ ਦੇ ਦੋ ਪੱਖ ਹਨ ਪੱਖ ਕਾਨੂੰਨ ਬਣਾਉਣੇ ਅਤੇ ਨਿਰਪੱਖ ਢੰਗ ਨਾਲ ਲਾਗੂ ਕਰਨਾ ਸਾਰੇ ਨਾਗਰਿਕ ਕਾਨੂੰਨ ਸਾਹਮਣੇ ਸਮਾਨ ਹਨ ਕਾਨੂੰਨ ਸਾਰਿਆਂ ਨਾਲ ਸਮਾਨ ਵਿਵਹਾਰ ਕਰੇਗਾ। ਸਭ ਲਈ ਨਿਆ ਦੇਣ ਲਈ ਦੇਸ਼ ਦੀ ਨਿਆ ਪ੍ਰਣਾਲੀ ਦਾ ਘੱਟ ਖਰਚੀਲੀ ਜਾਂ ਮੁਫਤ ਹੋਣਾ ਭਾਵ ਅਮੀਰ ਅਤੇ ਗਰੀਬ ਲਈ ਬਰਾਬਰ ਨੇ ਆ ਦੇ ਮੌਕੇ ਪ੍ਰਧਾਨ ਕਰਨੇ

7. ਬਰਾਬਰੀ ਤੇ ਨਿਆਂ ਦੇ ਸਬੰਧ ਬਾਰੇ ਨੋਟ ਲਿਖੋ।

ਉੱਤਰ : ਸਮਾਜਿਕ ਅਤੇ ਆਰਥਿਕ ਨਿਆ ਦੇ ਬਿਨਾਂ ਰਾਜਨੀਤਿਕ ਦੇ ਕਾਨੂੰਨ ਹੀ ਨਿਆ ਸੰਭਵ ਨਹੀਂ ਕਿਉਂਕਿ ਗਰੀਬੀ ਅਤੇ ਸਮਾਜਿਕ ਵਿਤਕਰਾ ਰਾਜਨੀਤਿਕ ਅਤੇ ਕਨੂੰਨੀ ਨਿਆ ਨੂੰ ਅਯੋਗ ਬਣਾਉਂਦੇ ਹਨ ਇੱਕ ਦੱਬੇ ਕੁਚਲੇ ਅਤੇ ਗਰੀਬ ਵਿਅਕਤੀ ਲਈ ਰਾਜਨੀਤਿਕ ਪ੍ਰਕਰਿਆਵਾਂ ਅਤੇ ਅਦਾਲਤਾਂ ਵਿੱਚ ਕੇਸ ਲੜਨੇ ਮੁਸ਼ਕਿਲ ਗੱਲ ਹੈ ਇਸ ਦੇ ਉਲਟ ਬਿਨਾਂ ਕਾਨੂੰਨੀ ਅਤੇ ਰਾਜਨੀਤਿਕ ਅਧਿਕਾਰਾਂ ਦੇ ਕੋਈ ਵੀ ਵਿਅਕਤੀ ਸਮਾਜਿਕ ਅਤੇ ਆਰਥਿਕ ਤੌਰ ਤੇ ਸੁਰੱਖਿਤ ਨਹੀਂ ਹੋ ਸਕਦਾ

8. ਸੁਤੰਤਰਤਾ ਅਤੇ ਅਧਿਕਾਰ ਦਾ ਨਿਆਂ ਨਾਲ ਕੀ ਸਬੰਧ ਹੈ?

ਉੱਤਰ : ਬਿਨਾਂ ਕਾਨੂੰਨੀ ਅਤੇ ਰਾਜਨੀਤਿਕ ਅਧਿਕਾਰਾਂ ਦੇ ਕੋਈ ਵੀ ਵਿਅਕਤੀ ਸਮਾਜਿਕ ਅਤੇ ਆਰਥਿਕ ਤੌਰ ਤੇ ਸੁਰੱਖਿਤ ਨਹੀਂ ਹੋ ਸਕਦਾ ਇੱਕ ਦੱਬੇ ਕੁਚਲੇ ਅਤੇ ਗਰੀਬ ਵਿਅਕਤੀ ਲਈ ਰਾਜਨੀਤਿਕ ਪ੍ਰਕਰਿਆਵਾਂ ਅਤੇ ਅਦਾਲਤਾਂ ਵਿੱਚ ਕੇਸ ਲੜਨੇ ਮੁਸ਼ਕਿਲ ਗੱਲ ਹੈ ਨਿਆ ਲਈ ਸਮਾਜ ਵਿੱਚ ਵਿਅਕਤੀ ਦੇ ਅਧਿਕਾਰ ਅਤੇ ਸੁਤੰਤਰਤਾ ਜਰੂਰੀ ਮੁੱਢ ਹਨ

# ਪਾਠ 3 ਸੁਤੰਤਰਤਾ ਅਤੇ ਸਮਾਨਤਾ

9. ਰਾਜਨੀਤਕ ਸੁਤੰਤਰਤਾ ਤੋਂ ਕੀ ਭਾਵ ਹੈ?

ਉੱਤਰ : ਰਾਜਨੀਤਿਕ ਸੁਤੰਤਰਤਾ ਤੋਂ ਭਾਵ ਦੇਸ਼ ਦੇ ਨਾਗਰਿਕਾਂ ਨੂੰ ਸਮਾਨ ਰੂਪ ਵਿੱਚ ਸਰਕਾਰ ਦੇ ਕੰਮਾਂ ਵਿੱਚ ਭਾਗੀਦਾਰ ਕਰਨ ਵੋਟ ਪਾਉਣ ਚੋਣਾਂ ਲੜਨ ਅਤੇ ਸਰਕਾਰ ਦੇ ਹਿੱਸਾ ਬਣਨ ਦੀ ਪ੍ਰਕਿਰਿਆ ਨੂੰ ਰਾਜਨੀਤਿਕ ਸੁਤੰਤਰਤਾ ਕਿਹਾ ਜਾਂਦਾ ਹੈ ਪੁਰਾਣੇ ਸਮੇਂ ਵਿੱਚ ਨਾਗਰਿਕਾਂ ਨੂੰ ਰਾਜ ਦੇ ਕੰਮਾਂ ਵਿੱਚ ਦਖਲ-ਅੰਦਾਜੀ ਦਾ ਅਧਿਕਾਰ ਨਹੀਂ ਸੀ ਪ੍ਰਾਚੀਨ ਭਾਰਤੀ ਸਮਾਜ ਵਿੱਚ ਵੀ ਰਾਜ ਸੁਤੰਤਰਤਾ ਦੀ ਅਣਹੋਂਦ ਸੀ

10. ਰਾਸ਼ਟਰੀ ਸੁਤੰਤਰਤਾ ਅਤੇ ਵਿਅਕਤੀਗਤ ਸੁਤੰਤਰਤਾ ਵਿੱਚ ਅੰਤਰ ਲਿਖੋ।

ਉੱਤਰ : ਰਾਸ਼ਟਰੀ ਸੁਤੰਤਰਤਾ ਕਿਸੇ ਕੌਮ ਜਾਂ ਰਾਸ਼ਟਰ ਦਾ ਕਿਸੇ ਵਿਦੇਸ਼ੀ ਕਬਜ਼ੇ ਤੋਂ ਰਹਿਤ ਆਪਣੇ ਪ੍ਰਭੂ ਸੱਤਾ ਨਾਲ ਫੈਸਲੇ ਲੈਣ ਦੀ ਸ਼ਕਤੀ ਰਾਸ਼ਟਰੀ ਸੁਤੰਤਰਤਾ ਅਖਵਾਉਂਦੀ ਹੈ। ਵਿਅਕਤੀਗਤ ਸੁਤੰਤਰਤਾ ਮਨੁੱਖ ਦੀਆਂ ਕੁਝ ਅਜਿਹੀਆਂ ਗਤੀਵਿਧੀਆਂ ਜਿਸ ਦਾ ਜਿਆਦਾ ਪ੍ਰਭਾਵ ਕਿਸੇ ਦੂਸਰੇ ਉੱਪਰ ਨਹੀਂ ਸਗੋਂ ਖੁਦ ਉੱਪਰ ਹੀ ਪਾਉਂਦਾ ਹੈ ਉਹ ਗਤੀਵਿਧੀਆਂ ਅਤੇ ਅਧਿਕਾਰ ਮਨੁੱਖ ਵਿਕਾਸ ਅਤੇ ਆਪਣੇ ਹੋਂਦ ਨੂੰ ਨਿਖਾਰਨ ਲਈ ਜਰੂਰੀ ਹਨ ਇਸ ਤਰ੍ਹਾਂ ਦੀ ਸੁਤੰਤਰਤਾ ਵਿੱਚ ਵਿਅਕਤੀ ਨੂੰ ਰਾਜ ਵਿਅਕਤੀ ਜਾਂ ਰਾਜ ਨੂੰ ਮਨੁੱਖ ਦੇ ਨਿੱਜੀ ਕਾਰਜ ਦੇ ਦਖਲਅੰਦਾਜੀ ਕਰਨ ਦੀ ਮਨਾਹੀ

11. ਸਮਾਜ ਲਈ ਉਸਾਰੂ ਵਿਤਕਰੇ ਦੀ ਹੋਂਦ ਤੋਂ ਕੀ ਭਾਵ ਹੈ?

ਉੱਤਰ : ਕਈ ਦੇਸ਼ਾਂ ਵਿੱਚ ਜਨਤਕ ਵੰਡ ਅਤੇ ਸਮਾਜਿਕ ਪ੍ਰਣਾਲੀ ਭੇਦ ਭਰੀ ਹੁੰਦੀ ਹੈ ਜਿਸ ਨਾਲ ਕੁਝ ਲੋਕ ਵਿਸ਼ੇਸ਼ ਸਹੂਲਤਾਂ ਨਾਲ ਅੱਗੇ ਨਿਕਲ ਜਾਂਦੇ ਹਨ ਅਤੇ ਤਕੜੇ ਵਿੱਚ ਹੰਕਾਰ ਅਤੇ ਮਾੜੇ ਵਿੱਚ ਹੀਨ ਭਾਵਨਾ ਆ ਜਾਂਦੀ ਹੈ ਇਸ ਲਈ ਸਮਾਜਿਕ ਤੌਰ ਤੇ ਪਛੜਿਆਂ ਨੂੰ ਕੁਝ ਰਿਆਇਤਾਂ ਦੇ ਕੇ ਨਿਆ ਦੇਣ ਦੀ ਕੋਸ਼ਿਸ਼ ਬਾਕੀ ਨਾਗਰਿਕਾਂ ਦੇ ਨਾਲ ਉਸਾਰੂ ਭੇਦ ਭਾਵ ਹੈ ਜੋ ਸਮਾਜ ਨੂੰ ਇੱਕ ਸਮਾਨ ਤੇ ਖੁਸ਼ਹਾਲ ਬਣਾਉਣ ਵੱਲ ਵਧੀਆ ਕਦਮ ਹੁੰਦਾ ਹੈ

12. ਲੋਕਤੰਤਰੀ ਪ੍ਰਨਾਲੀ ਵਿੱਚ ਸਮਾਨਤਾ ਦੀ ਮਹੱਤਤਾ ਲਿਖੋ।

ਉੱਤਰ : ਲੋਕਤੰਤਰੀ ਪ੍ਰਣਾਲੀ ਵਿੱਚ ਸਰਕਾਰ ਲੋਕਾਂ ਦੁਆਰਾ ਨਿਸ਼ਚਿਤ ਮਿਆਦ ਬਾਅਦ ਵੋਟਾਂ ਪਾ ਕੇ ਚੁਣੀ ਜਾਂਦੀ ਹੈ ਹਰ ਨਿਰਣਾ ਲੋਕਾਂ ਦੇ ਇਛਾਂ ਦੁਆਰਾ ਲਿਆ ਜਾਂਦਾ ਹੈ ਭਾਵ ਲੋਕਾਂ ਦੁਆਰਾ ਅਸਿੱਧੇ ਤੌਰ ਤੇ ਸਰਕਾਰ ਵਿੱਚ ਭਾਈ ਵਾਲੀ ਹੁੰਦੀ ਹੈ। ਰਾਜਨੀਤਿਕ ਪਾਰਟੀਆਂ ਨੂੰ ਚੋਣਾਂ ਦੌਰਾਨ ਵਿਰੋਧ ਪ੍ਰਦਰਸ਼ਨ ਦਾ ਡਰ ਬਣਿਆ ਰਹਿੰਦਾ ਹੈ। ਸਰਕਾਰ ਲੋਕੀ ਪੱਖੀ ਕਾਨੂੰਨਾਂ ਨੂੰ ਖਤਮ ਕਰਕੇ ਸ਼ਾਸਕ ਪੱਖੀ ਨਾ ਬਣਾਵੇ ਇਸ ਲਈ ਲੋਕਤੰਤਰੀ ਪ੍ਰਣਾਲੀ ਵਿੱਚ ਲੋਕਾਂ ਦੇ ਹੱਥਾਂ ਵਿੱਚ ਕਈ ਕਿਰਿਆਵਾਂ ਹੁੰਦੀਆਂ ਹਨ ਜਿਸਨਾਂ ਨੂੰ ਆਪਣੇ ਅਧਿਕਾਰਾਂ ਦੀ ਰੱਖਿਆ ਕਰ ਸਕਦੇ ਹਨ

# ਪਾਠ 4. ਨਾਗਰਿਕ ਅਤੇ ਨਾਗਰਿਕਤਾ

13. ਨਾਗਰਿਕਤਾ ਦੇ ਖ਼ੂਨ (Blood) ਸਿਧਾਂਤ 'ਤੇ ਨੋਟ ਲਿਖੋ।

ਉੱਤਰ:- ਨਾਗਰਿਕਤਾ ਦੇ ਖ਼ੂਨ ਦਾ ਸਿਧਾਂਤ ਤੋਂ ਭਾਵ ਹੈ ਕਿ ਜਦੋਂ ਕਿਸੇ ਦੇਸ਼ ਵਿੱਚ ਕਿਸੇ ਬੱਚੇ ਦਾ ਜਨਮ ਹੁੰਦਾ ਹੈ ਤਾਂ ਉਸ ਨੂੰ ਉਸ ਦੇਸ਼ ਦੀ ਨਾਗਰਿਕਤਾ ਮਿਲੇਗੀ ਜਿੱਥੋਂ ਦੇ ਉਸਦੇ ਮਾਤਾ ਪਿਤਾ ਨਾਗਰਿਕ ਹਨ ਭਾਵੇਂ ਕਿਸੇ ਵੀ ਧਰਤੀ ਉੱਪਰ ਜਨਮ ਹੋਇਆ ਹੋਵੇ ਕਿਉਂਕਿ ਬੱਚੇ ਨਾਲ ਮਾਤਾ ਪਿਤਾ ਦਾ ਖ਼ੂਨ ਦਾ ਰਿਸ਼ਤਾ ਹੈ ਉਦਾਹਰਨ ਦੇ ਤੌਰ ਤੇ ਜੇਕਰ ਇੰਗਲੈਂਡ ਤੋਂ ਕੋਈ ਜੋੜਾ ਭਾਰਤ ਘੁੰਮਣ ਆਇਆ ਹੈ ਅਤੇ ਭਾਰਤ ਵਿੱਚ ਉਹਨਾਂ ਦੇ ਬੱਚੇ ਦਾ ਜਨਮ ਹੁੰਦਾ ਹੈ ਤਾਂ ਉਹ ਇੰਗਲੈਂਡ ਦਾ ਨਾਗਰਿਕ ਹੋਵੇਗਾ ਕਿਉਂਕਿ ਉਸਦੇ ਮਾਪੇ ਇੰਗਲੈਂਡ ਦੇ ਵਸਨੀਕ ਹਨ

14. ਧਰਤੀ (ਭੂਮੀ) ਸਿਧਾਂਤ ਤੋਂ ਕੀ ਭਾਵ ਹੈ?

ਉੱਤਰ:- ਭੂਮੀ ਦਾ ਸਿਧਾਂਤ ਦੇ ਅਨੁਸਾਰ ਬੱਚੇ ਦੀ ਨਾਗਰਿਕਤਾ ਦਾ ਫੈਸਲਾ ਕਰਨ ਲਈ ਜਮੀਨ ਨੂੰ ਆਧਾਰ ਬਣਾਇਆ ਜਾਂਦਾ ਹੈ ਭਾਵ ਜਿਸ ਦੇਸ਼ ਦੀ ਜਮੀਨ ਉੱਪਰ ਬੱਚੇ ਦਾ ਜਨਮ ਹੁੰਦਾ ਹੈ ਉਹ ਉਸ ਦੇਸ਼ ਦਾ ਨਾਗਰਿਕ ਬਣ ਜਾਂਦਾ ਹੈ ਭਾਵੇਂ ਉਸਦੇ ਮਾਤਾ ਪਿਤਾ ਕਿਸੇ ਵੀ ਦੇਸ਼ ਦੇ ਨਾਗਰਿਕ ਹੋਣ ਉਦਾਹਰਣ ਦੇ ਤੌਰ ਤੇ ਜੇਕਰ ਕਿਸੇ ਵਿਅਕਤੀ ਕਿਸੇ ਦੇਸ਼ ਦਾ ਵਿਅਕਤੀ ਜੋ ਅਰਜਨਟਾਈਇਨਾ ਘੁੰਮਣ ਆਇਆ ਹੈ ਅਤੇ ਉਹਨਾਂ ਦੇ ਬੱਚੇ ਦਾ ਜਨਮ ਹੋ ਜਾਂਦਾ ਹੈ ਤਾਂ ਉਹ ਬੱਚਾ ਅਰਜਨਟਾਈਨਾ ਦਾ ਨਾਗਰਿਕ ਹੋਵੇਗਾ ਜਪਾਨ ਵਿੱਚ ਵੀ ਇਹ ਸਿਧਾਂਤ ਪ੍ਰਚਲਿਤ ਹੈ

15. ਨਾਗਰਿਕ ਅਤੇ ਵਿਦੇਸ਼ੀ ਵਿੱਚ ਕੋਈ ਚਾਰ ਅੰਤਰ ਲਿਖੋ।

ਉੱਤਰ:- ਨਾਗਰਿਕ ਅਤੇ ਵਿਦੇਸ਼ੀ ਵਿੱਚ ਅੰਤਰ

| | |
|---|---|
| `1. ਨਾਗਰਿਕ ਇਹ ਦੇਸ਼ ਦੇ ਪੱਕੇ ਨਿਵਾਸੀ ਹੁੰਦੇ ਹਨ<br>2. ਨਾਗਰਿਕ ਨੂੰ ਸਮਾਜਿਕ ਸਮਾਜਿਕ ਆਰਥਿਕ ਰਾਜਨੀਤਿਕ ਆਦਿ ਸਾਰੇ ਅਧਿਕਾਰ ਪ੍ਰਾਪਤ ਹੁੰਦੇ ਹਨ ।<br>3. ਨਾਗਰਿਕਾਂ ਨੂੰ ਰਾਜਨੀਤਿਕ ਕੰਮ ਜਿਵੇਂ ਵੋਟ ਪਾਉਣਾ ਚੋਣ ਲੜਨਾ ਆਦਿ ਲਈ ਪ੍ਰੇਰਿਤ ਕੀਤਾ ਜਾਂਦਾ ਹੈ<br>4.ਨਾਗਰਿਕ ਸਰਕਾਰ ਵੱਲੋਂ ਦਿੱਤੀਆਂ ਸਾਰੀਆਂ ਸਹੂਲਤਾਂ ਦੇ ਹੱਕਦਾਰ ਹਨ | 1.ਵਿਦੇਸ਼ੀ ਇਹ ਆਰਜੀ ਤੌਰ ਤੇ ਨਿਚੇ ਸਮੇਂ ਲਈ ਨਿਵਾਸ ਕਰਦੇ ਹਨ<br>2. ਕਾਨੂੰਨਾਂ ਰਾਹੀਂ ਨਿਸ਼ਚਿਤ ਕੀਤਾ ਜਾਂਦਾ ਹੈ ਕਿ ਵਿਦੇਸ਼ੀ ਕਿਹੜੇ ਅਧਿਕਾਰ ਦੇ ਹੱਕਦਾਰ ਹੋਣਗੇ<br>3. ਕੋਈ ਵਿਦੇਸ਼ੀ ਆਪ ਜੀ ਨਿਵਾਸ ਵਾਲੇ ਦੇਸ਼ ਵਿੱਚ ਰਾਜਨੀਤਿਕ ਕੰਮਾਂ ਵਿੱਚ ਹਿੱਸਾ ਨਹੀਂ ਲੈ ਸਕਦਾ<br>4.ਵਿਦੇਸ਼ੀ ਸਰਕਾਰ ਦੀ ਦਿਆਨਦਾਰੀ ਉੱਪਰ ਨਿਰਭਰ ਹੁੰਦਾ ਹੈ। |

16. ਨਾਗਰਿਕਤਾ ਨਾਲ ਸਬੰਧਤ ਭਾਰਤੀ ਸੰਵਿਧਾਨ ਦਾ ਅਨੁਛੇਦ-7 ਦੀ ਵਿਆਖਿਆ ਕਰੋ।

ਉੱਤਰ:- ਭਾਰਤ ਦੇ ਸੰਵਿਧਾਨ ਦੇ ਅਨੁਛੇਦ 7 ਦੇ ਅਨੁਸਾਰ ਜਿਸ ਵਿਅਕਤੀ ਨੇ ਭਾਰਤ ਤੋਂ ਪਾਕਿਸਤਾਨ ਹਿਜਰਤ ਕੀਤੀ ਤਾਂ ਇੱਕ ਮਾਰਚ 1947 ਤੋਂ ਬਾਅਦ ਉਹਨਾਂ ਦੀ ਨਾਗਰਿਕਤਾ ਸਮਾਪਤ ਹੋ ਜਾਏਗੀ ਪਰ ਜੇਕਰ ਉਹ ਪਰਮਿਟ ਲੈ ਕੇ ਵਾਪਸ ਆ ਗਏ ਅਤੇ ਉਹਨਾਂ ਦਾ ਮਾਤਾ ਪਿਤਾ ਜਾਂ ਦਾਦਾ ਦਾਦੀ ਦਾ ਜਨਮ ਭਾਰਤ ਵਿੱਚ ਹੋਇਆ ਹੈ ਤਾਂ ਉਹ ਬਿਨੇ ਪੱਤਰ ਰਾਹੀਂ ਨਾਗਰਿਕਤਾ ਪ੍ਰਾਪਤ ਕਰ ਸਕਣਗੇ

## ਪਾਠ 5 ਰਾਜ, ਤੱਤ, ਵਿਸ਼ੇਸ਼ਤਾਵਾਂ,ਸਰਕਾਰ ਅਤੇ ਰਾਸ਼ਟਰ

17. ਰਾਜ ਅਤੇ ਸਰਕਾਰ ਵਿਚਾਲੇ ਕੋਈ ਚਾਰ ਅੰਤਰ ਸਪਸ਼ਟ ਕਰੋ।

ਉੱਤਰ:- ਰਾਜ ਅਤੇ ਸਰਕਾਰ ਵਿਚਾਲੇ ਚਾਰ ਅੰਤਰ ਹੇਠ ਲਿਖੇ ਅਨੁਸਾਰ ਹਨ

1. ਰਾਜਨੀਤਿਕ ਨਿਸ਼ਚਿਤ ਇਲਾਕਾ ਜਰੂਰੀ ਤੱਤ ਹੈ ਸਰਕਾਰ ਲਈ ਕੋਈ ਨਿਸ਼ਚਿਤ ਇਲਾਕਾ ਜਰੂਰੀ ਨਹੀਂ

2.ਪ੍ਰਭੂ ਸੱਤਾ ਰਾਜ ਦਾ ਜਰੂਰੀ ਤੱਤ ਹੈ ਸਰਕਾਰ ਕੋਲ ਕੋਈ ਅਜਿਹੀ ਸਰਵਉਚੱ ਸ਼ਕਤੀ ਨਹੀਂ ਹੁੰਦੀ

3. ਮੈਂਬਰਸ਼ਿਪ ਰਾਜ ਵਿਅਕਤੀ ਲਈ ਰਾਜ ਦਾ ਮੈਂਬਰ ਹੋਣਾ ਜਰੂਰੀ ਹੈ ਸਰਕਾਰ ਦਾ ਮੈਂਬਰ ਹੋਣਾ ਜਰੂਰੀ ਨਹੀਂ

੪.ਰਾਜ ਸੰਸਥਾ ਸਥਾਈ ਸੰਸਥਾ ਹੈ ਜਦੋਂ ਕਿ ਸਰਕਾਰ ਅਸਥਾਈ ਹੁੰਦੀ ਹੈ।

18. ਰਾਜ ਦੇ ਨਿਰਮਾਣ ਲਈ ਕਿੰਨਾ ਭੂਗੋਲਿਕ ਖੇਤਰ ਹੋਣਾ ਜ਼ਰੂਰੀ ਹੈ? ਵਿਸਥਾਰ ਨਾਲ ਦੱਸੋ।

ਉੱਤਰ:- ਖੇਤਰ ਰਾਜ ਦਾ ਜਰੂਰੀ ਤੱਤ ਹੈ ਜਦੋਂ ਜਨਸੰਖਿਆ ਸਥਾਈ ਤੌਰ ਤੇ ਨਿਸ਼ਚਿਤ ਭਾਗ ਤੇ ਵੱਸਣ ਲੱਗੇ ਤਾਂ ਰਾਜ ਦਾ ਨਿਰਮਾਣ ਹੁੰਦਾ ਹੈ ਕ ਖੇਤਰ ਕਿੰਨਾ ਹੋਣਾ ਚਾਹੀਦਾ ਇਸ ਬਾਰੇ ਕੋਈ ਨਿਸ਼ਚਿਤ ਮੱਤ ਨਹੀਂ ਹੈ ਪੁਰਾਣੇ ਸਮੇਂ ਵਿੱਚ ਛੋਟੇ ਨਗਰ ਰਾਜ ਹੋਇਆ ਕਰਦੇ ਸਨ ਪਰੰਤੂ ਵਰਤਮਾਨ ਸਮੇਂ ਵਿੱਚ ਕਈ ਅਜਿਹੇ ਰਾਜ ਹਨ ਜਿਨਾਂ ਦਾ ਖੇਤਰਫਲ ਲੱਖਾਂ ਵਰਗ ਕਿਲੋਮੀਟਰ ਹੈ ਚੀਨ ਦਾ 97 ਲੱਖ ਵਰਗ ਕਿਲੋਮੀਟਰ ਅਮਰੀਕਾ ਦਾ 91.5 ਲੱਖ ਵਰਗ ਕਿਲੋਮੀਟਰ ਭਾਰਤ ਦਾ ਕੋਈ 32 ਲੱਖ ਵਰਗ ਕਿਲੋਮੀਟਰ ਹੈ। ਅੱਜ ਵਿਸ਼ਾਲ ਭੂ ਖੇਤਰ ਰਾਜ ਦੀ ਖੁਸ਼ਹਾਲੀ ਦਾ ਆਧਾਰ ਹੈ ਰਾਜ ਦੀ ਭੂਮੀ ਵਿੱਚ ਉਹ ਸਾਰੇ ਕੁਦਰਤੀ ਸਾਧਨਾ ਆ ਜਾਂਦੇ ਹਨ ਜਿਹੜੇ ਦੇਸ਼ ਦੇ ਜਲ ਥਲ ਅਤੇ ਵਾਜੂ ਤੋਂ ਪ੍ਰਾਪਤ ਹੋਣ ਤੂੰ ਖੇਤਰ ਦੇ ਸੰਬੰਧ ਵਿੱਚ ਇਹੀ ਕਿਹਾ ਜਾ ਸਕਦਾ ਹੈ ਕਿ ਰਾਜ ਦੀ ਜਨਸੰਖਿਆ ਅਤੇ ਭੂ ਖੇਤਰ ਵਿੱਚ ਉਤੇ ਅਨੁਪਾਤ ਹੋਣਾ ਚਾਹੀਦਾ ਹੈ ਰਾਜ ਦਾ ਭੂ ਖੇਤਰ ਇਹਨਾਂ ਛੋਟਾ ਨਹੀਂ ਹੋਣਾ ਚਾਹੀਦਾ ਕਿ ਉਸ ਉੱਤੇ ਲੋਕ ਆਪਣਾ ਗੁਜ਼ਾਰਾ ਹੀ ਨਾ ਕਰ ਸਕਣ ਅਤੇ ਭੂ ਖੇਤਰ ਇਨਾ ਵੱਡਾ ਵੀ ਨਹੀਂ ਹੋਣਾ ਚਾਹੀਦਾ ਕਿ ਲੋਕ ਆਪਣੀਆਂ ਸਰਹੱਦਾਂ ਦੀ ਰਾਖੀ ਵੀ ਨਾ ਕਰ ਸਕਣ।

19. ਰਾਸ਼ਟਰ ਦਾ ਅਰਥ ਸਪਸ਼ਟ ਕਰੋ।

ਉੱਤਰ:- ਰਾਸ਼ਟਰ ਤੋਂ ਭਾਵ ਲੋਕਾਂ ਦੇ ਉਸ ਸਮੂਹ ਤੋਂ ਹੈ ਜੋ ਕਿ ਭੂਗੋਲਕ ਖੇਤਰ ਭਾਸ਼ਾ ਸੱਭਿਆਚਾਰ ਰੀਤੀ ਰਿਵਾਜਾਂ ਅਤੇ ਇਤਿਹਾਸ ਦੀ ਸਾਂਝ ਨਾਲ ਇੱਕ ਦੂਸਰੇ ਨਾਲ ਜੁੜੇ ਹੁੰਦੇ ਹਨ ਇਸ ਵਿੱਚ ਲੋਕ ਸਮਾਜਿਕ ਰਾਜਨੀਤਿਕ ਅਧਿਆਤਮਕ ਅਤੇ ਜਜ਼ਬਾਤੀ ਤੌਰ ਤੇ ਜੁੜੇ ਹੁੰਦੇ ਹਨ ਆਮ ਕਰਕੇ ਰਾਸ਼ਟਰ ਅਤੇ ਰਾਜ ਨੂੰ ਇੱਕ ਦੂਸਰੇ ਦੀ ਥਾਂ ਵਰਤ ਲਿਆ ਜਾਂਦਾ ਹੈ ਪਰ ਇਹਨਾਂ ਵਿੱਚ ਫਰਕ ਹੈ।

20. ਰਾਜ ਦੇ ਗ਼ੈਰ-ਜ਼ਰੂਰੀ ਤੱਤਾਂ ਵਿੱਚ 'ਸਮਾਨਤਾ' ਦਾ ਕੀ ਰੋਲ ਹੋ ਸਕਦਾ ਹੈ?

ਉੱਤਰ:- ਕਿਸੇ ਰਾਜ ਦੀ ਵਜੋਂ ਵਸੋਂ ਜਾਂ ਧਰਤੀ ਭਾਵੇਂ ਜਿੰਨੀ ਵੀ ਵਿਸ਼ਾਲ ਹੋਵੇ ਹਰ ਇਕ ਰਾਜ ਆਪਣੇ ਆਪਣੇ ਨਿਸ਼ਚਿਤ ਖੇਤਰ ਵਿੱਚ ਸਰਵ ਸਮਰੱਥ ਹੁੰਦਾ ਹੈ ਅਤੇ ਕਿਸੇ ਵਿਦੇਸ਼ੀ ਕੰਟਰੋਲ ਅਧੀਨ ਨਹੀਂ ਹੁੰਦਾ ਅੰਤਰਾਸ਼ਟਰੀ ਪੱਧਰ ਤੇ ਸੰਯੁਕਤ ਰਾਜ ਅਮਰੀਕਾ ਤੇ ਚੀਨ ਵਰਗੇ ਦੇਸ਼ਾਂ ਦਾ ਬਹੁਤ ਪ੍ਰਭਾਵ ਹੈ ਪਰੰਤੂ ਰਾਜ ਦੇ ਰੂਪ ਵਿੱਚ ਉਹਨਾਂ ਨੂੰ ਕੋਈ ਵਿਸ਼ੇਸ਼ ਸਥਿਤੀ ਪ੍ਰਾਪਤ ਨਹੀਂ ਹੈ ਸਾਰੇ ਰਾਜ ਇੱਕ ਸਮਾਨ ਹੁੰਦੇ ਹਨ ਅਤੇ ਕਿਸੇ ਵੀ ਰਾਜ ਨੂੰ ਉੱਚਾ ਜਾਂ ਨੀਵਾਂ ਨਹੀਂ ਸਮਝਿਆ ਜਾ ਸਕਦਾ ਜੇਕਰ ਕਿਸੇ ਇੱਕ ਨੂੰ ਸਮਾਨਤਾ ਦੀ ਸਥਿਤੀ ਪ੍ਰਾਪਤ ਨਹੀਂ ਹੈ ਤਾਂ ਉਹ ਰਾਜ ਅਖਵਾਉਣ ਦੇ ਯੋਗ ਨਹੀਂ

## ਪਾਠ 6 ਸਰਕਾਰਾਂ ਦੇ ਰੂਪ

21.ਲੋਕਤੰਤਰ ਦੀਆਂ ਕਿਸਮਾਂ ਬਾਰੇ ਜਾਣਕਾਰੀ ਦਿਉ।

ਉੱਤਰ:- ਲੋਕਤੰਤਰ ਦੀਆਂ ਦੋ ਕਿਸਮਾਂ ਹੁੰਦੀਆਂ ਹਨ

ਪ੍ਰਤੱਖ ਲੋਕਤੰਤਰ ਅਤੇ ਅਪ੍ਰਤੱਖ ਲੋਕਤੰਤਰ

ਪ੍ਰਤੱਖ ਲੋਕਤੰਤਰ ਤੋਂ ਭਾਵ ਜਦੋਂ ਲੋਕ ਸਿੱਧੇ ਤੌਰ ਤੇ ਸ਼ਾਸਨ ਦੀ ਪ੍ਰਕਿਰਿਆ ਭਾਵ ਸਰਕਾਰ ਬਣਾਉਣ ਵਿੱਚ ਹਿੱਸਾ ਲੈਂਦੇ ਹਨ ਉਹ ਆਪਣੇ ਲਈ ਆਪ ਕਾਨੂੰਨ ਦਾ ਨਿਰਮਾਣ ਕਰਦੇ ਹਨ ਅਤੇ ਸਰਵਜਨਕ ਨੀਤੀਆਂ ਨਿਰਧਾਰਿਤ ਕਰਦੇ ਹਨ।

ਅਪ੍ਰਤੱਖ ਲੋਕਤੰਤਰ ਤੋਂ ਭਾਵ ਜਦੋਂ ਲੋਕ ਆਪਣੇ ਪ੍ਰਤੀਨਿਧਾਂ ਦੁਆਰਾ ਸ਼ਾਸਨ ਤੇ ਕੰਟਰੋਲ ਕਰਦੇ ਹਨ ਆਪ ਪ੍ਰਤੱਖ ਰੂਪ ਵਿੱਚ ਸ਼ਾਸਨ ਦੇ ਕੰਮਾਂ ਵਿੱਚ ਭਾਗ ਨਹੀਂ ਲੈਂਦੇ ਉਹਨਾਂ ਦੇ ਪ੍ਰਤੀਨਿਧ ਆਪਣੀ ਸ਼ਕਤੀ ਦੇ ਪ੍ਰਯੋਗ ਲਈ ਜਨਤਾ ਦੇ ਸਾਹਮਣੇ ਜਿਵੇਂ ਆ ਰਹਿੰਦੇ ਹਨ

22. ਪ੍ਰਧਾਨਗੀ ਸਰਕਾਰ ਦੀਆਂ ਚਾਰ ਵਿਸ਼ੇਸ਼ਤਾਈਆਂ ਲਿਖੋ।

ਉੱਤਰ:- ਪ੍ਰਧਾਨਗੀ ਸਰਕਾਰ ਦੀਆਂ ਵਿਸ਼ੇਸ਼ਤਾਈਆਂ

1.ਰਾਜ ਦਾ ਮੁਖੀ ਅਸਲੀ ਮੁੱਖੀ ਹੁੰਦਾ ਹੈ ਇਸ ਵਿੱਚ ਨਾ- ਮਾਤਰ ਅਤੇ ਅਸਲੀ ਕਾਰਜਪਾਲਿਕਾ ਵਿੱਚ ਕੋਈ ਅੰਤਰ ਨਹੀਂ ਹੁੰਦਾ ਰਾਜ ਦਾ ਮੁੱਖੀ ਅਸਲੀ ਮੁੱਖੀ ਹੀ ਹੁੰਦਾ ਹੈ।

2. ਕਾਰਜ ਪਾਲਿਕਾ ਦਾ ਨਿਸ਼ਚਿਤ ਕਾਰਜਕਾਲ ਪ੍ਰਧਾਨਗੀ ਸਰਕਾਰ ਵਿੱਚ ਕਾਰਜਪਾਲਿਕਾ ਨੂੰ ਨਿਸ਼ਚਿਤ ਸਮੇਂ ਲਈ ਚੁਣਿਆ ਜਾਂਦਾ ਹੈ।

3. ਕਾਰਜ ਪਾਲਿਕਾ ਤੇ ਵਿਧਾਨ ਪਾਲਿਕਾ ਵਿੱਚ ਸ਼ਕਤੀਆਂ ਦੀ ਵੰਡ ਕੀਤੀ ਗਈ ਹੁੰਦੀ ਹੈ।

4. ਕਾਰਜ ਪਾਲਿਕਾ ਵਿਧਾਨ ਪਾਲਿਕਾ ਨੂੰ ਭੰਗ ਨਹੀਂ ਕਰ ਸਕਦੀ

23. ਸੰਘ ਦੀਆਂ ਕਿਸਮਾਂ ਦਾ ਵਰਣਨ ਕਰੋ।

ਉੱਤਰ:- ਸੰਘ ਦੀਆਂ ਦੋ ਕਿਸਮਾਂ ਹੁੰਦੀਆਂ ਹਨ

1.ਮਿਲ ਕੇ ਬਣੇ ਸੰਘ ਜਾਂ ਕੇਂਦਰ ਮੁੱਖੀ ਸੰਘ ਇਸ ਵਿੱਚ ਕੁਝ ਸੁਤੰਤਰ ਰਾਜ ਮਿਲ ਕੇ ਇਕ ਨਵੇਂ ਰਾਜ ਦਾ ਗਠਨ ਕਰਦੇ ਹਨ ਪ੍ਰਭੂ ਸੱਤਾ ਕੇਂਦਰੀ ਸਰਕਾਰ ਕੋਲ ਹੁੰਦੀ ਹੈ। ਜਿਵੇਂ ਸੰਯੁਕਤ ਰਾਜ ਅਮਰੀਕਾ ਅਤੇ ਸਵਿਟਜਰਲੈਂਡ ਵਿੱਚ

2.ਕੇਂਦਰ ਦੁਆਰਾ ਬਣਾਏ ਗਏ ਸਨ ਇਸ ਵਿੱਚ ਕੋਈ ਵੱਡਾ ਦੇਸ਼ ਮਹਿਸੂਸ ਕਰੇ ਤਾਂ ਸਾਰੇ ਸੂਬਿਆਂ ਦਾ ਇੱਕ ਕੇਂਦਰੀ ਸਰਕਾਰ ਵੱਲੋਂ ਹੀ ਰਾਜ ਪ੍ਰਬੰਧ ਚਲਾਉਣਾ ਜਾਇਜ਼ ਨਹੀਂ ਤਾਂ ਉਹ ਵੱਡੇ ਦੇਸ਼ ਨੂੰ ਪ੍ਰਾਂਤਕ ਇਕਾਈਆਂ ਵਿੱਚ ਵੰਡ ਦਿੰਦਾ ਹੈ। ਸੰਘ ਅਤੇ ਸੂਬਿਆਂ ਦਾ ਅਧਿਕਾਰ ਸੰਵਿਧਾਨ ਅਨੁਸਾਰ ਵੰਡਿਆ ਜਾਂਦਾ ਹੈ ਜਿਵੇਂ ਕਨੇਡਾ ਬ੍ਰਾਜ਼ੀਲ ਅਤੇ ਭਾਰਤ

24. ਇਕਾਤਮਕ ਅਤੇ ਸੰਘਾਤਮਕ ਸਰਕਾਰ ਵਿਚਕਾਰ ਕੋਈ ਚਾਰ ਅੰਤਰ ਲਿਖੋ।

ਉੱਤਰ:- ਇਕਾਤਮਕ ਅਤੇ ਸੰਘਾਤਮਕ ਸਰਕਾਰ ਵਿੱਚ ਚਾਰ ਅੰਤਰ ਹੇਠ ਲਿਖੇ ਅਨੁਸਾਰ ਹਨ

1. ਇਕਾਤਮਕ ਸਰਕਾਰ ਵਿੱਚ ਇਕਹਿਰੀ ਸਰਕਾਰ ਹੁੰਦੀ ਹੈ ਜਦੋਂ ਕਿ ਸੰਘਾਤਮਕ ਸਰਕਾਰ ਵਿੱਚ ਇੱਕ ਕੇਂਦਰੀ ਅਤੇ ਦੂਸਰੇ ਪ੍ਰਾਂਤਾਂ ਦੀਆਂ ਸਰਕਾਰਾਂ ਹੁੰਦੀਆਂ ਹਨ

2. ਇਕਾਤਮਕ ਸਰਕਾਰ ਵਿੱਚ ਸ਼ਕਤੀਆਂ ਦਾ ਕੇਂਦਰੀਕਰਨ ਹੁੰਦਾ ਹੈ ਸੰਘਾਤਮਕ ਸਰਕਾਰ ਵਿੱਚ ਸ਼ਕਤੀਆਂ ਕੇਂਦਰ ਅਤੇ ਸੂਬਿਆਂ ਵਿਚਕਾਰ ਵੰਡੀਆਂ ਹੁੰਦੀਆਂ ਹਨ

3. ਇਕਾਤਮਕ ਸਰਕਾਰ ਵਿੱਚ ਲੋਕਾਂ ਨੂੰ ਇਕਹਿਰੀ ਨਾਗਰਿਕਤਾ ਪ੍ਰਾਪਤ ਹੁੰਦੀ ਹੈ ਜਦੋਂ ਕਿ ਸੰਘਾਤਮਕ ਸਰਕਾਰ ਵਿੱਚ ਦੋਹਰੀ ਨਾਗਰਿਕਤਾ ਪ੍ਰਾਪਤ ਹੁੰਦੀ ਹੈ

4. ਇਕਾਤਮਕ ਸਰਕਾਰ ਵਿੱਚ ਸੰਵਿਧਾਨ ਲਿਖਤੀ ਵੀ ਹੋ ਸਕਦਾ ਹੈ ਅਤੇ ਲਿਖਤੀ ਵੀ ਜਦੋਂ ਕਿ ਸੰਘਾਤਮਕ ਸਰਕਾਰ ਵਿੱਚ ਸੰਵਿਧਾਨ ਲਿਖਤੀ ਹੁੰਦਾ ਹੈ

25. ਲੋਕਤੰਤਰ ਸ਼ਬਦ ਦੀ ਉਤਪਤੀ ਬਾਰੇ ਦੱਸੋ ਅਤੇ ਇਸਦੀ ਕੋਈ ਇਕ ਪਰਿਭਾਸ਼ਾ ਲਿਖੋ।

ਉੱਤਰ:- ਲੋਕਤੰਤਰ ਦਾ ਅਸਲ ਰੂਪ ਵਿੱਚ ਅਰਥ ਲੋਕਾਂ ਦਾ ਸ਼ਾਸਨ ਹੈ ਇਸ ਵਿੱਚ ਸਰੋਤ ਸ਼ਕਤੀ ਲੋਕਾਂ ਦੇ ਹੱਥਾਂ ਵਿੱਚ ਹੁੰਦੀ ਹੈ। ਲੋਕਤੰਤਰ ਅੰਗਰੇਜੀ ਭਾਸ਼ਾ ਦੇ ਸ਼ਬਦ ਡੈਮੋਕਰੇਸੀ ਦਾ ਪੰਜਾਬੀਆਂ ਅਨੁਵਾਦ ਹੈ ਜਿਸ ਦਾ ਜਨਮ ਯੂਨਾਨੀ ਭਾਸ਼ਾ ਦੇ ਦੋ ਸ਼ਬਦਾਂ ਦੀ ਡੀਮੋਸ ਜਿਸਦਾ ਅਰਥ ਹੈ ਲੋਕ ਅਤੇ ਕ੍ਰੀਏਟ ਜਿਸ ਦਾ ਅਰਥ ਹੈ ਸ਼ਕਤੀ ਦੇ ਸੁਮੇਲ ਤੋਂ ਬਣਿਆ ਹੈ। ਭਾਵ ਲੋਕਤੰਤਰ ਅਜਿਹੀ ਸਰਕਾਰ ਜਿਸ ਵਿੱਚ ਲੋਕ ਖੁਦ ਜਾਂ ਆਪਣੇ ਪ੍ਰਤੀਨਿਧਾਂ ਦੁਆਰਾ ਸ਼ਾਸਨ ਕਰਦੇ ਹਨ ਇਬਰਾਹੀਮ ਲਿੰਕਨ ਦੇ ਅਨੁਸਾਰ ,"ਲੋਕਾਂ ਲੋਕਤੰਤਰ ਲੋਕਾਂ ਰਾਹੀਂ ਲੋਕਾਂ ਲਈ ਅਤੇ ਲੋਕਾਂ ਦੀ ਸਰਕਾਰ ਹੈ।"

## ਪਾਠ 7 ਵਿਧਾਨਪਾਲਿਕਾ

26. ਅਧਿਆਦੇਸ਼ ਤੋਂ ਕੀ ਭਾਵ ਹੈ? ਇਸਨੂੰ ਕਦੋਂ ਜਾਰੀ ਕੀਤਾ ਜਾਂਦਾ ਹੈ?

ਉੱਤਰ:- ਜਦੋਂ ਵਿਧਾਨ ਮੰਡਲ ਦਾ ਸੈਸ਼ਨ ਨਾ ਹੋ ਰਿਹਾ ਹੋਵੇ ਅਤੇ ਅਚਾਨਕ ਕਾਨੂੰਨ ਦੀ ਜਰੂਰਤ ਪੈ ਜਾਵੇ ਤਾਂ ਕੇਂਦਰ ਵਿੱਚ ਰਾਸ਼ਟਰਪਤੀ ਅਤੇ ਰਾਜਾਂ ਵਿੱਚ ਗਵਰਨਰ ਅੱਧਿਆਦੇਸ਼ ਜਾਰੀ ਕਰਕੇ ਕਾਨੂੰਨ ਬਣਾ ਸਕਦਾ ਹੈ ਇਹ ਕਾਨੂੰਨ ਦੂਸਰੇ ਆਮ ਕਾਨੂੰਨ ਵਾਂਗ ਹੀ ਹੋਵੇਗਾ ਪਰ ਇਸ ਨੂੰ ਵਿਧਾਨ ਮੰਡਲ ਦੇ ਪਹਿਲੇ ਸੈਸ਼ਨ ਵਿੱਚ ਹੀ ਪਾਸ ਕਰਾਉਣਾ ਲਾਜ਼ਮੀ ਹੋਵੇਗਾ ਇਸ ਦੀ ਮਿਆਦ ਵੱਧ ਤੋਂ ਵੱਧ ਛੇ ਮਹੀਨੇ ਹੁੰਦੀ ਹੈ ਇਹ ਕਾਰਜ ਪਾਲਿਕਾ ਦਾ ਅਸਿੱਧਾ ਕਨੂੰਨ ਸਾਜੀ ਕਰਨ ਦਾ ਹਥਿਆਰ ਹੈ।

27. ਵਿਧਾਨਪਾਲਿਕਾ ਦੀ ਨਿਘਾਰ ਲਈ ਜ਼ਿੰਮੇਵਾਰ ਕਾਰਨਾਂ ਦਾ ਵਰਣਨ ਕਰੋ।

ਉੱਤਰ:- ਵਿਧਾਨ ਪਾਲਿਕਾ ਦੇ ਨਿਘਾਰ ਲਈ ਹੇਠ ਲਿਖੇ ਕਾਰਨ ਜਿੰਮੇਵਾਰ ਹਨ

1. ਪ੍ਰਤੀਨਿਧਾਂ ਦੀ ਆਪਣੀ ਪਾਰਟੀ ਪ੍ਰਤੀ ਵਫਾਦਾਰੀ ਹੁੰਦੀ ਹੈ ਨਾ ਕਿ ਇਲਾਕੇ ਪ੍ਰਤੀ ਜਾਂ ਹਲਕੇ ਪ੍ਰਤੀ ਵਫਾਦਾਰੀ
2. ਦੂਸਰਾ ਅਧਿਆਦੇਸ਼ ਜਾਰੀ ਕਰਕੇ ਵੀ ਸਰਕਾਰ ਕਨੂੰਨ ਲਿਆ ਰਹੀ ਹੈ।

3. ਸੌਂਪੀ ਕਨੂੰਨਸਾਜੀ ਕਾਰਜ ਪਾਲਿਕਾ ਨੌਕਰਸ਼ਾਹੀ ਤੋਂ ਕਾਨੂੰਨਾਂ ਦਾ ਵਿਸਥਾਰ ਕਰਾਉਂਦੀ ਹੈ ਆਮ ਤੌਰ ਤੇ ਵਿਧਾਨ ਮੰਡਲ ਦੇ ਮੈਂਬਰਾਂ ਨੂੰ ਕਨੂੰਨਾਂ ਬਾਰੇ ਇਨੀ ਜਾਣਕਾਰੀ ਨਹੀਂ ਹੁੰਦੀ

4.ਅੱਜ ਕੱਲ ਅਦਾਲਤਾਂ ਵੀ ਕਾਨੂੰਨ ਬਣਾਉਣ ਲਈ ਕਹਿ ਰਹੀਆਂ ਹਨ ਅਤੇ ਦੂਜੇ ਪਾਸੇ ਨਿਆਇਕ ਪੁਨਰ ਲਿਖਣ ਦੀ ਸ਼ਕਤੀ ਵੀ ਵਿਧਾਨ ਪਾਲਿਕਾ ਦੀ ਸਥਿਤੀ ਨੂੰ ਕਮਜ਼ੋਰ ਕਰ ਰਹੀ ਹੈ

## ਪਾਠ 8 ਕਾਰਜਪਾਲਿਕਾ

28. ਸੰਸਦੀ ਅਤੇ ਪ੍ਰਧਾਨਗੀ ਕਾਰਜਪਾਲਿਕਾ ਵਿੱਚ ਕੀ ਅੰਤਰ ਹੈ?

ਉੱਤਰ:- ਸੰਸਦੀ ਕਾਰਜ ਪਾਲਿਕਾ ਵਿੱਚ ਕਾਰਜ ਪਾਲਿਕਾ ਦੋ ਤਰ੍ਹਾਂ ਦੀ ਹੁੰਦੀ ਹੈ ਨਾ ਮਾਤਰ ਦੀ ਕਾਰਜ ਪਾਲਿਕਾ ਅਤੇ ਵਾਸਤਵਿਕ ਕਾਰਜ ਪਾਲਿਕਾ ਕਾਰਜ ਪਾਲਿਕਾ ਦੀਆਂ ਸਾਰੀਆਂ ਸ਼ਕਤੀਆਂ ਨਾ ਮਾਤਰ ਦੀ ਕਾਰਜ ਪਾਲਿਕਾ ਦੇ ਨਾਂ ਤੇ ਹੁੰਦੀਆਂ ਹਨ ਭਾਵ ਰਾਸ਼ਟਰਪਤੀ ਜਾਂ ਦੇਸ਼ ਦੇ ਮੁਖੀ ਦੇ ਨਾਂ ਤੇ ਹੁੰਦੀਆਂ ਹਨ ਪਰ ਉਹਨਾਂ ਦੀ ਵਰਤੋਂ ਅਸਲੀ ਕਾਰਜਪਾਲਿਕਾ ਭਾਵ ਪ੍ਰਧਾਨ ਮੰਤਰੀ ਅਤੇ

ਉਸਦੇ ਮੰਤਰੀ ਮੰਡਲ ਦੁਆਰਾ ਕੀਤੀ ਜਾਂਦੀ ਹੈ ਜਦੋਂ ਕਿ ਪ੍ਰਧਾਨਗੀ ਕਾਰਜਪਾਲਿਕਾ ਵਿੱਚ ਇੱਕ ਹੀ ਕਾਰਜ ਪਾਲਿਕਾ ਹੁੰਦੀ ਹੈ ਜੋ ਕਾਰਜਪਾਲਿਕਾ ਦੀਆਂ ਸਾਰੀਆਂ ਸ਼ਕਤੀਆਂ ਵਰਤਣ ਲਈ ਜਿੰਮੇਵਾਰ ਹੁੰਦੀ ਹੈ

29. ਕਾਰਜਪਾਲਿਕਾ ਦੀ ਵੱਧਦੀ ਦਖ਼ਲਅੰਦਾਜ਼ੀ ਤੋਂ ਕੀ ਭਾਵ ਹੈ?

ਉੱਤਰ:- ਕਾਰਜਪਾਲਿਕਾ ਦੀ ਵੱਧਦੀ ਦਖਲ ਅੰਦਾਜੀ ਤੋਂ ਭਾਵ ਹੈ ਕਿ ਸਰਕਾਰ ਦੇ ਤਿੰਨ ਵੱਖ-ਵੱਖ ਅੰਗ ਹਨ ਪਰ ਕਾਰਜ ਪਾਲਿਕਾ ਦਖਲ ਅੰਦਾਜੀ ਇਸ ਖੇਤਰ ਵਿੱਚ ਵਧੀ ਹੈ ਜਿਵੇਂ ਭਾਰਤ ਵਿੱਚ ਜੇਕਰ ਸੰਸਦ ਦਾ ਸ਼ੈਸਨ ਨਾ ਚੱਲ ਰਿਹਾ ਹੋਵੇ ਤਾਂ ਕਾਰਜ ਪਾਲਿਕਾ ਅੱਧਿਆਦੇਸ਼ ਜਾਰੀ ਕਰ ਦਿੰਦੀ ਹੈ ਜੋ ਕਾਨੂੰਨ ਦੀ ਤਰ੍ਹਾਂ ਲਾਗੂ ਰਹਿੰਦਾ ਹੈ ਪਰ ਇਹ ਗਲਤ ਹੈ ਇਸ ਤੋਂ ਇਲਾਵਾ ਕਾਰਜਪਾਲਿਕਾ ਕਾਨੂੰਨੀ ਸੌਂਪੀ ਕਾਨੂੰਨ ਸਾਜੀ ਵੀ ਕਾਰਜਪਾਲਿਕਾ ਨੂੰ ਮਜਬੂਤ ਕਰਦੀ ਹੈ ਕਾਨੂੰਨ ਦਾ ਨਿਰਮਾਣ ਕਰਦੇ ਸਮੇਂ ਵਿਧਾਨ ਪਾਲਿਕਾ ਕਾਨੂੰਨ ਮੁਢਲੇ ਰੂਪ ਤਿਆਰ ਕਰਦੀ ਹੈ ਜਦੋਂ ਕਿ ਬਾਕੀ ਸਾਰਾ ਕੰਮ ਕਾਰਜ ਪਾਲਿਕਾ ਦੁਆਰਾ ਕੀਤਾ ਜਾਂਦਾ ਹੈ ਕਾਨੂੰਨ ਸਾਜੀ ਦੇ ਕੰਮ ਤੋਂ ਇਲਾਵਾ ਨਿਆਂ ਕੰਮਾਂ ਵਿੱਚ ਵੀ ਕਾਰਜ ਪਾਲਿਕਾ ਦੀ ਦਖਲ ਅੰਦਾਜੀ ਵਧੀ ਹੈ ਕਿਸੇ ਅਪਰਾਧੀ ਦੀ ਸਜ਼ਾ ਮਾਫ ਕਰਨਾ ਘੱਟ ਕਰਨਾ ਬਦਲਣਾ ਜੋ ਇਕ ਨਿਆਇਕ ਖੇਤਰ ਦਾ ਕੰਮ ਹੈ ਇਸ ਤੋਂ ਇਲਾਵਾ ਜੱਜਾਂ ਦੀ ਨਿਯੁਕਤੀ ਵੱਖ ਵੱਖ ਝਗੜਿਆਂ ਸਬੰਧੀ ਟਰਿਬਿਊਨਲ ਆਦਿ ਵੀ ਕਾਰਜ ਪਾਲਿਕਾ ਨਿਰਧਾਰਿਤ ਕਰਦੀ ਹੈ ਇਸ ਕਰਕੇ ਇਸ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਬੇਸ਼ਕ ਸ਼ਕਤੀਆਂ ਦਾ ਵੰਡ ਸਿਧਾਂਤ ਹੈ ਪਰ ਕਾਰਜ ਪਾਲਿਕਾ ਦੀ ਦਖਲ ਅੰਦਾਜੀ ਵਧੀ ਹੈ

30. 'ਸੰਘਾਤਮਕ ਕੌਂਸਲ' ਦੀ ਵਿਵਸਥਾ ਕਿਉਂ ਕੀਤੀ ਗਈ ਹੈ?

ਉੱਤਰ:- ਸੰਘਾਤਮਕ ਕੌਂਸਲ ਬਹੁਤ ਪੁਰਖੀ ਕਾਰਜ ਪਾਲਿਕਾ ਦੀ ਉਪਜ ਹੈ ਇਸ ਵਿੱਚ ਇੱਕ ਕਾਰਜ ਪਾਲਿਕਾ ਦੀ ਤਰ੍ਹਾਂ ਸ਼ਕਤੀ ਇਕੱਲੇ ਮੁਖੀ ਕੋਲ ਨਹੀਂ ਹੁੰਦੀ ਸਗੋਂ ਇਸਦੇ ਉਲਟ. ਸਗੋਂ ਵਿਅਕਤੀਆਂ ਦੇ ਸਮੂਹ ਕੋਲ ਦੇਸ਼ ਦਾ ਪ੍ਰਸ਼ਾਸਨ ਚਲਾਉਣ ਦੀ ਸ਼ਕਤੀ ਹੁੰਦੀ ਹੈ ਜਿਵੇਂ ਕਿ ਸਵਿਟਜ਼ਰਲੈਂਡ ਵਿੱਚ ਜਿਸ ਵਿੱਚ ਸੱਤ ਮੰਤਰੀ ਸ਼ਾਮਿਲ ਹੁੰਦੇ ਹਨ ਜੋ ਸੰਸਦ ਦੁਆਰਾ ਦੋਵੇਂ ਸਦਨਾਂ ਦੇ ਸਾਂਝੇ ਇਜਲਾਸ ਦੌਰਾਨ ਚਾਰ ਸਾਲਾਂ ਲਈ ਚੁਣੇ ਜਾਂਦੇ ਹਨ

31. ਕਾਰਜਪਾਲਿਕਾ ਦੀਆਂ ਕੋਈ ਦੋ ਘੱਟ ਪ੍ਰਵਾਣਿਤ ਕਿਸਮਾਂ ਤੋਂ ਜਾਣੂ ਕਰਵਾਓ।

ਉੱਤਰ:- ਕਾਰਜ ਪਾਲਿਕਾ ਦੀਆਂ ਦੋ ਘੱਟ ਪ੍ਰਵਾਨ ਕਿਸਮਾਂ ਹੇਠ ਲਿਖੇ ਅਨੁਸਾਰ ਹਨ

1.ਨਾਮਜਦ ਕਾਰਜ ਪਾਲਿਕਾ ਕਾਰਜ ਪਾਲਿਕਾ ਦਾ ਇਹ ਢੰਗ ਆਸਟਰੇਲੀਆ ਤੇ ਨਿਊਜ਼ੀਲੈਂਡ ਵਿੱਚ ਵਰਤਿਆ ਜਾਂਦਾ ਹੈ ਇਹਨਾਂ ਦੋਵਾਂ ਦੇਸ਼ਾਂ ਵਿੱਚ ਗਵਰਨਰ ਦੀ ਨਿਯੁਕਤੀ ਬ੍ਰਿਟੇਨ ਦੇ ਰਾਜਾ ਰਾਣੀ ਦੁਆਰਾ ਦੇ ਇਹਨਾਂ ਦੇਸ਼ਾਂ ਦੇ ਮੰਤਰੀ ਮੰਡਲ ਦੀ ਸਲਾਹ ਅਨੁਸਾਰ ਕੀਤੀ ਜਾਂਦੀ ਹੈ

2.ਅਰਧ ਪ੍ਰਧਾਨਗੀ ਪ੍ਰਣਾਲੀ ਇਸ ਵਿੱਚ ਕੁਝ ਵਿਸ਼ੇਸ਼ਤਾਵਾਂ ਸੰਸਦੀ ਪ੍ਰਣਾਲੀ ਅਤੇ ਕੁਝ ਪ੍ਰਧਾਨਗੀ ਪ੍ਰਣਾਲੀ ਦੀਆਂ ਹੁੰਦੀਆਂ ਹਨ ਜਿਵੇਂ ਫਰਾਂਸ ਵਿੱਚ ਅਸਲ ਕਾਰਜਪਾਲਿਕਾ ਰਾਸ਼ਟਰਪਤੀ ਹੁੰਦਾ ਹੈ ਪ੍ਰਧਾਨ ਮੰਤਰੀ ਮੰਤਰੀ ਮੰਡਲ ਰਾਸ਼ਟਰਪਤੀ ਦੇ ਕੰਟਰੋਲ ਅਧੀਨ ਹੁੰਦੇ ਹਨ ਅਤੇ ਨਾਲ– ਨਾਲ ਪ੍ਰਧਾਨ ਮੰਤਰੀ ਅਤੇ ਮੰਤਰੀ ਮੰਡਲ ਸੰਸਦ ਨੂੰ ਵੀ ਜਵਾਬਦੇ ਹੁੰਦੇ ਹਨ।

## ਪਾਠ 9 ਨਿਆਂਪਾਲਿਕਾ

32. ਕਨੂੰਨ ਦੇ ਸ਼ਾਸਨ ਤੋਂ ਕੀ ਭਾਵ ਹੈ?

ਉੱਤਰ :- ਕਾਨੂੰਨ ਦੇ ਸ਼ਾਸਨ ਤੋਂ ਭਾਵ ਹੈ ਕਿ ਕਾਨੂੰਨ ਸਾਰਿਆਂ ਲਈ ਬਰਾਬਰ ਹੈ ਭਾਵੇਂ ਉਹ ਅਮੀਰ ਹੋਵੇ ਭਾਵੇਂ ਗਰੀਬ ਕਾਨੂੰਨ ਸਾਰਿਆਂ ਤੇ ਇੱਕ ਸਾਰ ਲਾਗੂ ਹੁੰਦਾ ਹੈ ਪ੍ਰੋਫੈਸਰ ਡਾਇਸੀ ਦੇ ਅਨੁਸਾਰ ਸਰਕਾਰ ਦੀਆਂ ਤਾਨਾਸ਼ਾਹ ਸ਼ਕਤੀਆਂ ਦੇ ਵਿਰੁੱਧ ਕਾਨੂੰਨ ਦੀ ਸਰਵ ਉੱਚ ਸ਼ਕਤੀ ਦਾ ਹੋਣਾ ਹੀ ਕਾਨੂੰਨ ਦਾ ਸ਼ਾਸਨ ਹੈ

33. ਨਿਆਂਇਕ ਪੁਨਰ ਨਿਰੀਖਣ ਤੋਂ ਕੀ ਭਾਵ ਹੈ?

ਉੱਤਰ :- ਨਿਆਇਕ ਪੁਨਰ ਨਿਰੀਖਣ ਤੋਂ ਭਾਵ ਹੈ ਸਰਵ ਉੱਚ ਅਦਾਲਤ ਤੇ ਉੱਚ ਅਦਾਲਤਾਂ ਦੁਆਰਾ ਵਿਧਾਨ ਪਾਲਿਕਾ ਅਤੇ ਕਾਰਜ ਪਾਲਿਕਾ ਦੀ ਉਹਨਾਂ ਫੈਸਲੇ ਨੂੰ ਰੱਦ ਕਰਨਾ ਜਾਂ ਅਸੰਵਿਧਾਨਿਕ ਐਲਾਨ ਕਰਨਾ ਜੋ ਫੈਸਲੇ ਸੰਵਿਧਾਨ ਦੇ ਅਨੁਸਾਰ ਨਾ ਹੋਣ

34. ਪੰਜਾਬ ਦੀ ਉੱਚ ਅਦਾਲਤ ਦਾ ਪੂਰਾ ਨਾਮ ਕੀ ਹੈ? ਉਹ ਕਿੱਥੇ ਸਥਿਤ ਹੈ?

ਉੱਤਰ :- ਪੰਜਾਬ ਦੀ ਉੱਚ ਅਦਾਲਤ ਦਾ ਨਾਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਹੈ ਉਹ ਚੰਡੀਗੜ੍ਹ ਵਿਖੇ ਸਥਿਤ ਹੈ

35. ਭਾਰਤ ਵਿੱਚ ਉੱਤਰ-ਪੂਰਬੀ ਰਾਜਾਂ ਲਈ ਕਿੰਨੀਆਂ ਉੱਚ-ਅਦਾਲਤਾਂ ਹਨ ਤੇ ਉਹ ਕਿੱਥੇ ਸਥਿਤ ਹਨ?

ਉੱਤਰ :- ਭਾਰਤ ਵਿੱਚ ਉੱਤਰ ਪੂਰਵੀ ਰਾਜਾਂ ਲਈ ਕੁੱਲ ਪੰਜ ਉੱਚ ਅਦਾਲਤਾਂ ਹਨ ,ਉਹ ਅਸਾਮ ਦੀ ਗੁਹਾਟੀ, ਸਿੱਕਮ ਦੀ ਗੰਗਟੋਕ, ਤ੍ਰਿਪਰਾ ਦੀ ਅਗਰਤਲਾ, ਮਨੀਪੁਰ ਦੀ ਇੰਫਾਲ, ਮੇਘਾਲਿਆ ਦੀ ਸ਼ਿਲੋਂਗ ਵਿਖੇ ਸਥਿਤ ਹਨ।

## ਪਾਠ 10 ਭਾਰਤ ਦੇ ਸੰਵਿਧਾਨ ਦੀ ਪ੍ਰਸਤਾਵਨਾ

36. ਪ੍ਰਸਤਾਵਨਾ ਵਿੱਚ ਸ਼ਾਮਲ ਸੰਵਿਧਾਨ ਦੇ ਕਿਹੜੇ ਉਦੇਸ਼ ਹਨ?

ਉੱਤਰ:- ਭਾਰਤ ਦੇ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਸੰਵਿਧਾਨ ਦੇ ਉਦੇਸ਼ਾਂ ਦਾ ਵਰਨ ਕੀਤਾ ਗਿਆ ਹੈ ਜਿਵੇਂ ਕਿ ਸਮਾਜਿਕ ਨਿਆਂ ਆਰਥਿਕ ਨਿਆਂ ਅਤੇ ਰਾਜਨੀਤਿਕ ਨਿਆਂ ਦਾ ਵਰਣਨ ਮਿਲਦਾ ਹੈ ਚਾਰ ਪ੍ਰਗਟਾਉਣ ਦੀ ਸੁਤੰਤਰਤਾ ਵਿਸ਼ਵਾਸ ਅਤੇ ਧਰਮ ਅਤੇ ਪੂਜਾ ਕਰਨ ਦੀ ਸੁਤੰਤਰਤਾ, ਸਰਵਜਨਕ ਪਦਵੀ ਪ੍ਰਾਪਤ ਕਰਨ ਦੀ ਸਮਾਨਤਾ ਅਤੇ ਮੌਕਿਆਂ ਨੂੰ ਪ੍ਰਾਪਤ ਕਰਨ ਦੀ ਸਮਾਨਤਾ ਦਿੱਤੀ ਗਈ ਹੈ ਪ੍ਰਸਤਾਵਨਾ ਵਿੱਚ ਸ਼ਾਮਿਲ ਭਾਈਚਾਰਕ ਸਾਂਝ ਵਿਅਕਤੀ ਦੇ ਮਾਨ ਦੇ ਸਨਮਾਨ ਨੂੰ ਕਾਇਮ ਰੱਖਣ ਦਾ ਵਿਸ਼ਵਾਸ ਅਤੇ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਕਾਇਮ ਰੱਖਣ ਦਾ ਵਿਸ਼ਵਾਸ ਦਵਾਇਆ ਗਿਆ ਹੈ।

37. ਭਾਰਤੀ ਸੰਵਿਧਾਨ ਨੇ ਦੂਜੇ ਦੇਸ਼ਾਂ ਦੇ ਸੰਵਿਧਾਨਾਂ ਤੋਂ ਕੀ ਕੀ ਉਧਾਰ ਲਿਆ?

ਉੱਤਰ:- ਭਾਰਤੀ ਸੰਵਿਧਾਨ ਨੇ ਦੂਜੇ ਦੇਸ਼ਾਂ ਦੇ ਸੰਵਿਧਾਨਾਂ ਤੋਂ ਇੰਗਲੈਂਡ ਦੇ ਸੰਵਿਧਾਨ ਤੋਂ ਸੰਸਦੀ ਸ਼ਾਸਨ ਪ੍ਰਣਾਲੀ ਅਤੇ ਕਾਨੂੰਨ ਦਾ ਸ਼ਾਸਨ। ਮੌਲਿਕ ਅਧਿਕਾਰ ਅਤੇ ਨਿਆਪਾਲਿਕਾ ਦੀ ਵਿਵਸਥਾ ਸੰਯੁਕਤ ਰਾਜ ਅਮਰੀਕਾ ਦੇ ਸੰਵਿਧਾਨ ਤੋਂ ।ਰਾਜਨੀਤੀ ਦੇ ਨਿਰਦੇਸ਼ਕ ਸਿਧਾਂਤ ਆਇਰਲੈਂਡ ਦੇ ਸੰਵਿਧਾਨ ਤੋਂ। ਭਾਰਤ ਦਾ ਸੰਘਾਤਮਕ ਢਾਂਚਾ ਕਨੇਡਾ ਦੇ ਸੰਵਿਧਾਨ ਤੋਂ ਰਾਜ ਸਭਾ ਦੇ ਮੈਂਬਰਾਂ ਦੀ ਚੋਣ ਅਤੇ ਸੰਵਿਧਾਨ ਸੋਧ ਦੀ ਵਿਧੀ ਦੱਖਣੀ ਅਫਰੀਕਾ ਦੇ ਸੰਵਿਧਾਨ ਤੋਂ ਰਾਸ਼ਟਰਪਤੀ ਦੀਆਂ ਸੰਕਟਕਾਲੀਨ ਸ਼ਕਤੀਆਂ ਜਰਮਨੀ ਦੇ ਸੰਵਿਧਾਨ ਤੋਂ ਅਤੇ ਮੌਲਿਕ ਕਰਤੱਵ ਸੋਵੀਅਤ ਸੰਘ ਦੇ ਸੰਵਿਧਾਨ ਤੋਂ ਲਏ ਹਨ।

38. ਸਿੱਧ ਕਰੋ ਕਿ ਭਾਰਤੀ ਸੰਵਿਧਾਨ ਲਚਕਤਾ ਅਤੇ ਕਠੋਰਤਾ ਦਾ ਮਿਸ਼ਰਣ ਹੈ?

ਉੱਤਰ:- ਭਾਰਤੀ ਸੰਵਿਧਾਨ ਲਚਕੀਲੇਪਣ ਅਤੇ ਕਠੋਰਤਾ ਦਾ ਮਿਸ਼ਰਣ ਹੈ ਭਾਰਤੀ ਸੰਵਿਧਾਨ ਦੀਆਂ ਕੁਝ ਧਾਰਾਵਾਂ ਹਨ ਜਿਨਾਂ ਨੂੰ ਸਧਾਰਨ ਬਹੁਮਤ ਨਾਲ ਸੋਧਿਆ ਜਾ ਸਕਦਾ ਹੈ ਭਾਰਤੀ ਸੰਵਿਧਾਨ ਦੇ ਅਨੁਛੇਦ 368 ਵਿੱਚ ਭਾਰਤੀ ਸੰਵਿਧਾਨ ਦੀ ਸੋਧ ਵਿਧੀ ਸ਼ਾਮਿਲ ਹੈ ਭਾਰਤੀ ਸੰਵਿਧਾਨ ਦੀਆਂ ਕੁਝ ਧਾਰਾਵਾਂ ਅਜਿਹੀਆਂ ਵੀ ਹਨ ਜਿਨਾਂ ਨੂੰ ਸੰਸਦ ਦੇ ਦੋਨਾਂ ਸਦਨਾਂ ਦੀ 2/ਤ ਬਹੁਮਤ ਨਾਲ ਸੋਧਿਆ ਜਾ ਸਕਦਾ ਹੈ ਤੇ ਨਾਲ ਹੀ 1/2 ਰਾਜ ਵਿਧਾਨ ਮੰਡਲਾਂ ਦੀ ਪ੍ਰਵਾਨਗੀ ਦੀ ਵੀ ਜਰੂਰਤ ਹੋ ਜਾਂਦੀ ਹੈ। ਇਸ ਲਈ ਅਸੀਂ ਕਹਿ ਸਕਦੇ ਹਾਂ ਭਾਰਤੀ ਸੰਵਿਧਾਨ ਲਚਕਤਾ ਅਤੇ ਕਠੋਰਤਾ ਦਾ ਮਿਸ਼ਰਣ ਹੈ।

39. ਕਨੂੰਨ ਦੇ ਸ਼ਾਸਨ ਤੋਂ ਤੁਹਾਡਾ ਕੀ ਭਾਵ ਹੈ?

ਉੱਤਰ:- ਸਾਡੇ ਸੰਵਿਧਾਨ ਵਿੱਚ ਕਾਨੂੰਨ ਦੇ ਸ਼ਾਸਨ ਦੀ ਵਿਵਸਥਾ ਕੀਤੀ ਗਈ ਹੈ ਜੋ ਅਸੀਂ ਬਰਤਾਨੀਆ ਦੇ ਸੰਵਿਧਾਨ ਤੋਂ ਪ੍ਰਾਪਤ ਕੀਤਾ ਹੈ ਇਸ ਅਨੁਸਾਰ ਹਰ ਵਿਅਕਤੀ ਕਾਨੂੰਨ ਦੇ ਸਾਹਮਣੇ ਸਮਾਨ ਹੈ ਕਾਨੂੰਨਾਂ ਨੂੰ ਤੋੜਨ ਦੀ ਸਜ਼ਾ ਸਭ ਨੂੰ ਦੇ ਮੁਤਾਬਿਕ ਇਹ ਦਿੱਤੀ ਜਾਏਗੀ ਨਾ ਕਿ ਮਨ ਮਰਜ਼ੀ ਮੁਤਾਬਿਕ ਇਸ ਤਰ੍ਹਾਂ ਕਾਨੂੰਨ ਦੀ ਸਰਵ ਉੱਚਤਾ ਸਥਾਪਿਤ ਹੁੰਦੀ ਹੈ।

40. ਸੰਘਾਤਮਕ ਪ੍ਰਨਾਲੀ ਤੋਂ ਕੀ ਭਾਵ ਹੈ?
ਉੱਤਰ:- ਸੰਘਾਤਮਕ ਪ੍ਰਨਾਲੀ ਤੋਂ ਭਾਵ ਜਿਸ ਵਿੱਚ ਦੋ ਸਰਕਾਰਾਂ ਦਾ ਪ੍ਰਬੰਧ ਹੁੰਦਾ ਹੈ ਇਕ ਕੇਂਦਰ ਵਿੱਚ ਸਰਕਾਰ ਅਤੇ ਰਾਜ ਸਰਕਾਰਾਂ ਵੱਖਰੀਆਂ ਹੁੰਦੀਆਂ ਹਨ ਦੋਹਾਂ ਦਾ ਕਾਰਜ ਖੇਤਰ ਵੱਖਰਾ ਵੱਖਰਾ ਹੁੰਦਾ ਹੈ ਕੇਂਦਰ ਅਤੇ ਰਾਜਾਂ ਵਿਚਾਲੇ ਸ਼ਕਤੀਆਂ ਦੀ ਵੰਡ ਸੰਵਿਧਾਨ ਅਨੁਸਾਰ ਕੀਤੀ ਜਾਂਦੀ ਹੈ ਦੋਵੇਂ ਸਰਕਾਰਾਂ ਸੁਤੰਤਰ ਰੂਪ ਵਿੱਚ ਆਪਣਾ ਰਾਜ ਪ੍ਰਬੰਧ ਚਲਾਉਂਦੀਆਂ ਹਨ ਅਤੇ ਇੱਕ ਦੂਜੇ ਦੇ ਕਾਰਜ ਖੇਤਰ ਵਿੱਚ ਦਖਲਅੰਦਾਜ਼ੀ ਨਹੀਂ ਕਰਦੀਆਂ।

41. ਬਾਲਗ-ਮੱਤ ਅਧਿਕਾਰ ਤੋਂ ਕੀ ਭਾਵ ਹੈ?
ਉੱਤਰ:- ਭਾਰਤੀ ਸੰਵਿਧਾਨ ਵਿੱਚ ਸਰਵਜਨਕ ਬਾਲਕ ਮੱਤ ਅਧਿਕਾਰ ਦੀ ਵਿਵਸਥਾ ਕੀਤੀ ਗਈ ਹੈ। ਹਰ ਭਾਰਤੀ ਨਾਗਰਿਕ ਜਿਸ ਦੀ ਉਮਰ 18 ਸਾਲ ਜਾਂ ਇਸ ਤੋਂ ਵੱਧ ਹੈ ਉਹ ਔਰਤ ਹੋਵੇ ਜਾਂ ਮਰਦ ਬਿਨਾਂ ਕਿਸੇ ਭੇਦ ਭਾਵ ਤੋਂ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰ ਸਕਦਾ ਹੈ। ਸੰਵਿਧਾਨ ਦੇ ਅਨੁਛੇਦ 125 ਅਧੀਨ ਸੰਵਿਧਾਨ ਵਿੱਚ ਸਰਵਜਨਕ ਬਾਲ ਮਤ ਅਧਿਕਾਰ ਦੀ ਵਿਵਸਥਾ ਕੀਤੀ ਗਈ ਹੈ।

42. 'ਭਾਰਤ ਦਾ ਸੰਵਿਧਾਨ ਬਣਤਰ ਵਿੱਚ ਸੰਘੀ ਪਰ ਅਸਲ ਵਿੱਚ ਇਕਾਤਮਕ ਹੈ' ਇਸਦੇ ਕੀ ਅਰਥ ਹਨ?
ਉੱਤਰ:- ਭਾਰਤ ਦਾ ਸੰਵਿਧਾਨ ਬਣਤਰ ਵਿੱਚ ਸੰਘੀ ਹੈ ਪਰ ਜਦ ਇਸਦਾ ਅਧਿਐਨ ਕੀਤਾ ਜਾਂਦਾ ਹੈ ਤੇ ਬਹੁਤ ਸਾਰੀਆਂ ਵਿਸ਼ੇਸ਼ਤਾਈਆਂ ਹਨ ਜੋ ਭਾਰਤੀ ਸੰਵਿਧਾਨ ਨੂੰ ਇਕਾਤਮਕ ਵੱਲ ਝੁਕਾ ਦਿੰਦੀਆਂ ਹਨ ਜਿਵੇਂ ਕੇਂਦਰ ਕੋਲ ਵਧੇਰੇ ਸ਼ਕਤੀਆਂ, ਰਾਜਾਂ ਦੀ ਕੇਂਦਰ ਤੇ ਵਿੱਤੀ ਨਿਰਭਰਤਾ, ਰਾਸ਼ਟਰਪਤੀ ਦੀਆਂ ਸੰਕਟਕਾਲੀਨ ਸ਼ਕਤੀਆਂ ,ਸੂਬਿਆਂ ਵਿੱਚ ਰਾਜਪਾਲਾਂ ਦੀ ਨਿਯੁਕਤੀ ਕੇਂਦਰ ਦੁਆਰਾ ,ਇਕਹਿਰੀ ਨਾਗਰਿਕਤਾ, ਰਾਜਾਂ ਦੇ ਵੱਖਰੇ ਸੰਵਿਧਾਨਾਂ ਦੀ ਅਣਹੋਂਦ ਆਦਿ ਵਿਸ਼ੇਸ਼ਤਾਵਾਂ ਇਕਾਤਮਕ ਹੋਣ ਦਾ ਭੁਲੇਖਾ ਪਾਉਂਦੀਆਂ ਹਨ ਪਰ ਅਸਲ ਵਿੱਚ ਇਹ ਵਿਸ਼ੇਸ਼ਤਾ ਭਾਰਤ ਵਿੱਚ ਸ਼ਕਤੀਸ਼ਾਲੀ ਕੇਂਦਰ ਦੀ ਸਥਾਪਨਾ ਕਰਦੀਆਂ ਹਨ ਅਤੇ ਭਾਰਤੀ ਸੰਵਿਧਾਨ ਨੂੰ ਮਜਬੂਤ ਕੇਂਦਰ ਵਾਲੇ ਸੰਘਾਤਮਕ ਢਾਂਚੇ ਦੀ ਵਿਵਸਥਾ ਵੱਲ ਲੈ ਜਾਦੀਆਂ ਹਨ।

## ਪਾਠ 11 ਮੋਲਿਕ ਅਧਿਕਾਰ

43. ਮੌਲਿਕ ਅਧਿਕਾਰ ਨਾਗਰਿਕਾਂ ਲਈ ਕਿਵੇਂ ਮਹੱਤਵਪੂਰਨ ਹਨ?
ਉੱਤਰ:- ਮੌਲਿਕ ਅਧਿਕਾਰ ਨਾਗਰਿਕਾਂ ਲਈ ਮਹੱਤਵਪੂਰਨ ਹਨ ਕਿਉਂਕਿ ਅੱਜ ਦਾ ਜੋ ਕਲਿਆਣਕਾਰੀ ਯੁੱਗ ਹੈ ਉਸ ਰਾਜ ਨੂੰ ਹੀ ਵਧੀਆ ਮੰਨਿਆ ਜਾਂਦਾ ਹੈ ਜੋ ਨਾਗਰਿਕਾਂ ਨੂੰ ਵੱਧ ਅਧਿਕਾਰ ਪ੍ਰਧਾਨ ਕਰਦਾ ਹੈ ਸਰਕਾਰ ਅਤੇ ਵਿਅਕਤੀਆਂ ਤੋਂ ਅਧਿਕਾਰਾਂ ਦੀ ਰਾਖੀ ਕਰਨ ਦਾ ਪ੍ਰਬੰਧ ਵੀ ਰਾਜ ਕਰਦਾ ਹੈ। ਤਾਂ ਜੋ ਰਾਜ ਵਿੱਚ ਵਸਣ ਵਾਲੇ ਲੋਕ ਆਪਣਾ ਸਰਬਪੱਖੀ ਵਿਕਾਸ ਕਰ ਸਕਣ ਅਧਿਕਾਰ ਜਿੱਥੇ ਵਿਅਕਤੀ ਦੇ ਸਮਾਜਿਕ ,ਆਰਥਿਕ, ਰਾਜਨੀਤਿਕ, ਮਾਨਸਿਕ, ਨੈਤਿਕ ਵਿਕਾਸ ਦੇ ਨਾਲ ਨਾਲ ਨਿੱਜੀ ਵਿਕਾਸ ਲਈ ਵੀ ਜਰੂਰੀ ਹਨ ਉਥੇ ਹੀ  ਮੌਲਿਕ ਅਧਿਕਾਰ ਨਿੱਜੀ ਵਿਕਾਸ ਦੇ ਨਾਲ ਸਮਾਜ ਅਤੇ ਸਮਾਜਿਕ ਕਦਰਾਂ ਕੀਮਤਾਂ  ਲਈ ਜਰੂਰੀ ਮੰਨੇ ਜਾਂਦੇ ਹਨ

44. ਸਭਿਆਚਾਰਕ ਤੇ ਵਿਦਿਅਕ ਅਧਿਕਾਰਾਂ 'ਤੇ ਨੋਟ ਲਿਖੋ।

ਉੱਤਰ:- ਸੱਭਿਆਚਾਰਕ ਅਤੇ ਵਿਦਿਕ ਅਧਿਕਾਰ ਭਾਰਤ ਵਿੱਚ ਕਈ ਧਰਮ ਅਤੇ ਕਈ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ ਜਿਸ ਦੇ ਅਧਾਰ ਤੇ ਘੱਟ ਗਿਣਤੀ ਧਰਮ ਅਤੇ ਭਾਸ਼ਾ ਬਣਨ ਵਾਲੇ ਲੋਕ ਹਨ ਧਰਮ ਅਤੇ ਭਾਸ਼ਾ ਦੇ ਆਧਾਰ ਤੇ ਘੱਟ ਗਿਣਤੀ ਨਾਲ ਸੰਬੰਧਿਤ ਲੋਕਾਂ ਦੇ ਹਿੱਤਾਂ ਦੀ ਰੱਖਿਆ ਲਈ ਸੰਵਿਧਾਨ ਦੇ ਅਨੁਛੇਦ 29 ਅਤੇ 30 ਹੇਠ ਲਿਖੇ ਪ੍ਰਬੰਧ ਕੀਤੇ ਗਏ ਹਨ। ਘੱਟ ਗਿਣਤੀਆਂ ਦੇ ਹਿਤਾਂ ਦੀ ਰੱਖਿਆ ਅਨੁਛੇਦ 29 ਦੇ ਤਹਿਤ ਭਾਰਤ ਦੇ ਕਿਸੇ ਵੀ ਖੇਤਰ ਵਿੱਚ ਰਹਿਣ ਵਾਲੇ ਨਾਗਰਿਕਾਂ ਨੂੰ ਆਪਣੀ ਭਾਸ਼ਾ ਲਿਪੀ ਅਤੇ ਸੱਭਿਆਚਾਰ ਨੂੰ ਸੁਰੱਖਿਤ ਰੱਖਣ ਦਾ ਅਧਿਕਾਰ ਹੈ ਵਿਦਿਆਕ ਸੰਸਥਾਵਾਂ ਵਿੱਚ ਦਾਖਲੇ ਦੀ ਸੁਤੰਤਰਤਾ ਰਾਜ ਦੁਆਰਾ ਚਲਾਏ ਜਾਣ ਦੇ ਰਾਜ ਦੀ ਸਹਾਇਤਾ ਨਾਲ ਚਲਦੇ ਸਿੱਖਾਂ ਸੰਸਥਾਵਾਂ ਵਿੱਚ ਦਾਖਲਾ ਲੈਣ ਸਮੇਂ ਕਿਸੇ ਵੀ ਨਾਗਰਿਕ ਨਾਲ ਧਰਮ ਜਾਤ ਲਿੰਗ ਆਦਿ ਦੇ ਅਧਾਰ ਤੇ ਕੋਈ ਭੇਦਭਾਵ ਨਹੀਂ ਕੀਤਾ ਜਾਵੇਗਾ। ਤੀਸਰਾ ਘੱਟ ਗਿਣਤੀਆਂ ਨੂੰ ਆਪਣੇ ਸੰਸਥਾਵਾਂ ਸਥਾਪਿਤ ਕਰਨ ਦਾ ਅਧਿਕਾਰ ਅਨੁਛੇਦ 30 ਧਾਰਮਿਕ ਘੱਟ ਗਿਣਤੀ ਨੂੰ ਆਪਣੇ ਸੱਭਿਆਚਾਰ ਜਾਂ ਭਾਸ਼ਾ ਦੇ ਆਧਾਰ ਤੇ ਸਿੱਖਿਆ ਸੰਸਥਾਵਾਂ ਖੋਲਣ ਅਤੇ ਚਲਾਉਣ ਦਾ ਅਧਿਕਾਰ ਹੈ। ਚੌਥਾ ਸਰਕਾਰੀ ਸਹਾਇਤਾ ਦੇਣ ਸਮੇਂ ਭੇਦਭਾਵ ਦੀ ਮਨਾਈ ਹੁਣ ਛੇ ਤੇ 30 ਅਨੁਸਾਰ ਸਹਾਇਤਾ ਦੇਣ ਸਮੇਂ ਘੱਟ ਗਿਣਤੀਆਂ ਦੁਆਰਾ ਸਥਾਪਕ ਸੰਸਥਾਵਾਂ ਨਾਲ ਕੋਈ ਭੇਦਭਾਵ ਨਹੀਂ ਕਰ ਸਕਦੀ

45. ਅਧਿਕਾਰਾਂ ਤੇ ਕਰਤੱਵਾਂ ਦੇ ਆਪਸੀ ਸਬੰਧਾਂ 'ਤੇ ਚਰਚਾ ਕਰੋ।

ਉੱਤਰ:- ਅਧਿਕਾਰ ਅਤੇ ਕਰਤੱਵਾਂ ਦਾ ਆਪਸੀ ਰਿਸ਼ਤਾ ਬਹੁਤ ਗੂੜਾ ਹੈ ਜੇਕਰ ਅਸੀਂ ਕਹਿ ਦਈਏ ਜਿਸ ਤਰ੍ਹਾਂ ਇੱਕ ਸਿੱਕਾ ਦੋਨੋਂ ਪਹਿਲੂ ਤੋਂ ਬਿਨਾਂ ਨਹੀਂ ਚੱਲ ਸਕਦਾ। ਇਸ ਤਰ੍ਹਾਂ ਅਧਿਕਾਰ ਤੋਂ ਬਿਨਾਂ ਕਰਤੱਵ ਨਹੀਂ ਚੱਲ ਸਕਦੇ। ਅਧਿਕਾਰਾਂ ਅਤੇ ਕਰਤੱਵਾਂ ਦੇ ਆਪਸੀ ਸਬੰਧਾਂ ਨੂੰ ਬਿਆਨ ਕਰਦੇ ਹੋਏ ਮਹਾਤਮਾ ਗਾਂਧੀ ਜੀ ਲਿਖਦੇ ਹਨ ਅਧਿਕਾਰ ਦਾ ਮੂਲ ਸਰੋਤ ਕਰਤੱਵ ਹੀ ਹਨ ਜੇਕਰ ਅਸੀਂ ਕਰਤੱਵਾਂ ਦੀ ਪਾਲਣ ਕਰਦੇ ਹਾਂ ਤਾਂ ਅਧਿਕਾਰਾਂ ਦੀ ਪ੍ਰਾਪਤੀ ਆਪਣੇ ਆਪ ਹੋ ਜਾਏਗੀ ਪਰੰਤੂ ਜੇਕਰ ਅਸੀਂ ਕਰਤੱਵਾਂ ਨੂੰ ਛੱਡ ਕੇ ਅਧਿਕਾਰਾਂ ਪਿੱਛੇ ਭੱਜਦੇ ਹਾਂ ਤਾਂ ਉਹ ਮ੍ਰਿਗ ਤ੍ਰਿਸ਼ਨਾ ਵਾਂਗ ਸਾਡੇ ਤੋਂ ਦੂਰ ਭੱਜਦੇ ਹਨ ਇਸ ਦੇ ਲਈ ਅਧਿਕਾਰਾਂ ਦੇ ਨਾਲ ਨਾਲ ਕਰਤੱਵਾਂ ਦੀ ਪਾਲਣਾ ਵੀ ਜਰੂਰੀ ਹੈ।

46. ਸੰਵਿਧਾਨਕ ਉਪਚਾਰਾਂ ਦੇ ਅਧਿਕਾਰ ਦੀ ਵਿਆਖਿਆ ਕਰੋ।

ਉੱਤਰ:- ਭਾਰਤ ਦੇ ਸੰਵਿਧਾਨ ਦੀ ਧਾਰਾ ਅਨੁਛੇਦ 32 ਦੇ ਅਨੁਸਾਰ ਸੰਵਿਧਾਨਕ ਉਪਚਾਰਾਂ ਦਾ ਅਧਿਕਾਰ ਦਿੱਤਾ ਗਿਆ ਹੈ ਇਹ ਅਨੁਛੇਦ ਸੰਵਿਧਾਨ ਵਿੱਚ ਸ਼ਾਮਿਲ ਅਧਿਕਾਰਾਂ ਦੀ ਰਾਖੀ ਲਈ ਉਚਿਤ ਪ੍ਰਬੰਧ ਕਰਦਾ ਹੈ ਇਸ ਲਈ ਡਾਕਟਰ ਬੀ ਆਰ ਅੰਬੇਦਕਰ ਇਸ ਸਬੰਧੀ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਲਿਖਦੇ ਹਨ ਜੇਕਰ ਮੈਨੂੰ ਕੋਈ ਪੁੱਛੇ ਕਿ ਸੰਵਿਧਾਨ ਦਾ ਸਭ ਤੋਂ ਮਹੱਤਵਪੂਰਨ ਅੰਗ ਕਿਹੜਾ ਹੈ ਜਿਸ ਤੋਂ ਬਿਨਾਂ ਸੰਵਿਧਾਨ ਪ੍ਰਭਾਵਹੀਨ ਹੋ ਜਾਵੇਗਾ ਤਾਂ ਮੈਂ ਇਸ ਅਨੁਛੇਦ ਜਾਂ ਧਾਰਾ ਦਾ ਸਭ ਤੋਂ ਮਹੱਤਵਪੂਰਨ ਵੱਲ ਹੀ ਇਸ਼ਾਰਾ ਕਰਾਂਗਾ ਇਹ ਸੰਵਿਧਾਨ ਦੀ ਆਤਮਾ ਤੇ ਦਿਲ ਹੈ ਜੇਕਰ ਇਸ ਅਨੁਛੇਦ ਨੂੰ ਸੰਵਿਧਾਨ ਵਿੱਚੋਂ ਕੱਢ ਦਿੱਤਾ ਜਾਵੇ ਅਧਿਕਾਰ ਬਿਲਕੁਲ ਥੋਥੇ ਹੋ ਜਾਣਗੇ ਮੌਲਿਕ ਅਧਿਕਾਰਾਂ ਦੀ ਰਾਖੀ ਲਈ ਸਰਵਉਚ ਅਦਾਲਤਾਂ ਰਾਜਾਂ ਦੀਆਂ ਉੱਚ ਅਦਾਲਤਾਂ ਅਨੁਛੇਦ 32 ਦੇ ਅਨੁਸਾਰ ਪੰਜ ਤਰ੍ਹਾਂ ਦੀਆਂ ਰਿੱਟ ਜਾਰੀ ਕਰ ਸਕਦੀਆਂ ਹਨ

47. ਧਰਮ ਨਿਰਪੱਖ ਦਾ ਕੀ ਅਰਥ ਹੈ?

ਉੱਤਰ:- ਧਰਮ ਨਿਰਪੱਖ ਤੋਂ ਭਾਵ ਉਹ ਰਾਜ ਹੈ ਜਿਸ ਵਿੱਚ ਵਿਅਕਤੀ ਅਤੇ ਸੰਸਥਾ ਨੂੰ ਕੋਈ ਵੀ ਧਰਮ ਮੰਨਣ ਦੀ ਸੁਤੰਤਰਤਾ ਪ੍ਰਾਪਤ ਹੈ ਭਾਰਤ ਰਾਜ ਦਾ ਸੰਵਿਧਾਨ ਕਿਸੇ ਖਾਸ ਧਰਮ ਨਾਲ ਨਹੀਂ ਜੁੜਿਆ ਹੋਇਆ ਅਤੇ ਸੰਵਿਧਾਨਕ ਤੌਰ ਤੇ ਨਾ ਹੀ ਕਿਸੇ

ਧਰਮ ਨੂੰ ਉਤਸ਼ਾਹਿਤ ਅਤੇ ਨਾ ਹੀ ਕਿਸੇ ਧਰਮ ਵਿੱਚ ਦਖਲ ਅੰਦਾਜੀ ਕਰਦਾ ਹੈ ਇਹ ਸ਼ਬਦ ਧਰਮ ਨਿਰਪੱਖ ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ 42ਵੀਂ ਸੰਵਿਧਾਨਿਕ ਸੋਧ 1976 ਦੁਆਰਾ ਜੋੜਿਆ ਗਿਆ ਇਸ ਤੋਂ ਇਲਾਵਾ ਭਾਰਤ ਦੇ ਸੰਵਿਧਾਨ ਨੇ ਧਰਮ ਨਿਰਪੱਖਤਾ ਦਾ ਸਕਾਰਾਤਮਕ ਰੂਪ ਅਪਣਾਇਆ ਹੈ ਜਿਸ ਅਨੁਸਾਰ ਭਾਰਤ ਦੇ ਰਾਜ ਦੇ ਸਾਹਮਣੇ ਸਾਰੇ ਧਰਮ ਬਰਾਬਰ ਦਰਜਾ ਰੱਖਦੇ ਹਨ।

## ਪਾਠ 12 ਮੌਲਿਕ ਕਰਤੱਵ

48. ਕਰਤੱਵ ਕੀ ਹੁੰਦੇ ਹਨ?

ਉਤਰ:- ਕਰਤੱਵ ਅੰਗਰੇਜ਼ੀ ਭਾਸ਼ਾ ਦੇ ਸ਼ਬਦ ਡਿਊਟੀ ਦਾ ਪੰਜਾਬੀ ਅਨੁਵਾਦ ਹੈ ਜੋ ਅੰਗਰੇਜ਼ੀ ਭਾਸ਼ਾ ਦੇ ਸ਼ਬਦ Debt ਤੋਂ ਲਿਆ ਹੈ ਜਿਸਦਾ ਅਰਥ ਹੈ ਕਰਜਾ, ਉਧਾਰ ਜਾਂ ਰਿਣ। ਜਿਸ ਤਰ੍ਹਾਂ ਵਿਅਕਤੀ ਕਰਜ਼ਾ ਮੋੜਨ ਲਈ ਪਬੰਧ ਹੁੰਦਾ ਹੈ ਅਸੀਂ ਵੀ ਨਿਸ਼ਚਿਤ ਕੀਤੇ ਕਰਤੱਵ ਨਿਭਾਉਣ ਦੇ ਲਈ ਪ੍ਰਬੰਧ ਹੁੰਦੇ ਹਾਂ ਸਧਾਰਨ ਸ਼ਬਦਾਂ ਵਿੱਚ ਕਰਤੱਵ ਵਿਅਕਤੀ ਦੀਆਂ ਰਾਜ ਪ੍ਰਤੀ ਅਤੇ ਸਮਾਜ ਪ੍ਰਤੀ ਪਰਿਵਾਰ ਅਤੇ ਆਪਣੇ ਆਪ ਪ੍ਰਤੀ ਨੈਤਿਕ ਦੇ ਕਾਨੂੰਨੀ ਜਿੰਮੇਵਾਰੀਆਂ ਹਨ ਜਿਨਾਂ ਦਾ ਪਾਲਣ ਕਰਨ ਨਾਲ ਦੂਜਿਆਂ ਦੇ ਅਤੇ ਆਪਣੇ ਆਪ ਦੇ ਹੱਕ ਸੁਰੱਖਿਤ ਹੁੰਦੇ ਹਨ। ਰੋਮਣ ਵਿਦਵਾਨ ਸਟੇਟਸ ਨੇ ਕਿਹਾ ਹੈ ਦੂਸਰੇ ਦੇ ਹਿੱਤਾਂ ਨੂੰ ਆਪਣੇ ਹਿੱਤਾਂ ਦੇ ਬਾਬਰ ਸਮਝਣਾ ਹੀ ਨਾਗਰਿਕ ਦਾ ਕਰਤੱਵ ਹੈ ਰਾਸ਼ਟਰਪਤੀ ਡਾਕਟਰ ਜਾਕਰ ਹੁਸੈਨ ਨੇ ਕਿਹਾ ਸੀ ਕਰਤੱਵਾਂ ਦੀ ਆਗਿਆ ਦਾ ਅੱਖਾਂ ਮੀਚ ਕੇ ਪਾਲਣ ਨਹੀਂ ਹੈ ਸਗੋਂ ਆਪਣੇ ਫਰਜਾਂ ਨੂੰ ਜਿੰਮੇਵਾਰੀ ਨਾਲ ਲਾਗੂ ਕਰਨ ਦੀ ਸਰਗਮ ਇੱਛਾ ਹੈ

49. ਮੌਲਿਕ ਕਰਤੱਵ ਸੰਵਿਧਾਨ ਵਿਚ ਕਿਉਂ ਸ਼ਾਮਲ ਕੀਤੇ ਗਏ?

ਉਤਰ:- ਭਾਰਤ ਦੇ ਮੁੱਢਲੇ ਸੰਵਿਧਾਨ ਵਿੱਚ ਮੌਲਿਕ ਕਰਦੇ ਸ਼ਾਮਲ ਨਹੀਂ ਸਨ ਕਿਉਂਕਿ ਸੰਵਿਧਾਨ ਨਿਰਮਾਤਾਵਾਂ ਨੂੰ ਜਾਪਦਾ ਸੀ ਕਿ ਕਰਤੱਵ ਅਧਿਕਾਰਾਂ ਦੇ ਨਾਲ ਆਪਣੇ ਆਪ ਹੀ ਜੁੜੇ ਹੁੰਦੇ ਹਨ ਪਰ ਸਮਾਂ ਲੰਘ ਜਾਣ ਤੋਂ ਬਾਅਦ ਮਹਿਸੂਸ ਹੋਇਆ ਕਿ ਲੋਕ ਅਧਿਕਾਰਾਂ ਦੇ ਪਿੱਛੇ ਹੀ ਭੱਜ ਰਹੇ ਹਨ ਕਰਤੱਵਾਂ ਬਾਰੇ ਕੋਈ ਵੀ ਆਪਣੀ ਜਿੰਮੇਵਾਰੀ ਨਹੀਂ ਸਮਝਦਾ ਇਸ ਲਈ ਭਾਰਤੀ ਸੰਵਿਧਾਨ ਵਿੱਚ ਕਰਤੱਵਾਂ ਨੂੰ ਸ਼ਾਮਿਲ ਕਰਨ ਦੀ ਲੋੜ ਮਹਿਸੂਸ ਕੀਤੀ ਗਈ ਕਰਤੱਵਾਂ ਨੂੰ ਸ਼ਾਮਿਲ ਕਰਨ ਲਈ ਕਮੇਟੀ ਬਣਾਈ ਗਈ ਜਿਸ ਨੂੰ ਸਵਰਨ ਸਿੰਘ ਕਮੇਟੀ ਦਾ ਨਾਮ ਦਿੱਤਾ ਗਿਆ ਇਸ ਕਮੇਟੀ ਦੀਆਂ ਸਿਫਾਰਸ਼ਾਂ ਤੇ ਹੀ ਸੰਵਿਧਾਨ ਵਿੱਚ 42ਵੀਂ ਸੋਧ 1976 ਵਿੱਚ ਕੀਤੀ ਗਈ ਇਸ ਸੋਧ ਰਾਹੀਂ ਸੰਵਿਧਾਨ ਵਿੱਚ ਇੱਕ ਨਵਾਂ ਭਾਗ iv ਏ ਅਤੇ ਅਨੁਛੇਦ 51 ਇਹ ਸ਼ਾਮਿਲ ਕੀਤੇ ਗਏ ਅਤੇ ਭਾਰਤੀ ਸੰਵਿਧਾਨ ਵਿੱਚ 10 ਮੌਲਿਕ ਕਰਤੱਵ ਸ਼ਾਮਿਲ ਕੀਤੇ ਗਏ।

50. ਸਵਰਨ ਸਿੰਘ ਕਮੇਟੀ ਸਬੰਧੀ ਆਪਣੇ ਵਿਚਾਰ ਦਿਓ।

ਉਤਰ:- ਸਰਦਾਰ ਸਵਰਨ ਸਿੰਘ ਕਮੇਟੀ ਭਾਰਤੀ ਸੰਵਿਧਾਨ ਵਿੱਚ ਮੌਲਿਕ ਕਰਤੱਵਾਂ ਨੂੰ ਸ਼ਾਮਿਲ ਕਰਨ ਲਈ ਬਣਾਈ ਗਈ ਭਾਰਤ ਦੇ ਮੁੱਢਲੇ ਸੰਵਿਧਾਨ ਵਿੱਚ ਮੌਲਿਕ ਕਰਤਵ ਸ਼ਾਮਲ ਨਹੀ ਸਨ। ਐਮਰਜੈਸੀ ਦੇ ਸਮੇਂ ਇਹ ਮਹਿਸੂਸ ਕੀਤਾ ਗਿਆ ਕਿ ਲੋਕ ਅਧਿਕਾਰਾਂ ਦੇ ਪਿੱਛੇ ਭੱਜ ਰਹੇ ਹਨ ਲੋਕਾਂ ਨੂੰ ਆਪਣੇ ਕਰਤੱਵਾਂ ਆਪਣੀ ਜਿੰਮੇਵਾਰੀਆਂ ਬਾਰੇ ਕੋਈ ਜਾਣਕਾਰੀ ਨਹੀਂ ਹੈ। ਸੋ ਭਾਰਤੀ ਸੰਵਿਧਾਨ ਵਿੱਚ ਮੌਲਿਕ ਕਰਤੱਵਾਂ ਨੂੰ ਸ਼ਾਮਿਲ ਕਰਨ ਦੀ ਲੋੜ ਮਹਿਸੂਸ ਕੀਤੀ ਗਈ। ਇਸ ਕਮੇਟੀ ਵਿੱਚ 11 ਮੈਂਬਰ ਸਨ ਇਸ ਕਮੇਟੀ ਦੀਆਂ ਸਿਫਾਰਸ਼ਾਂ ਤੇ ਹੀ ਭਾਰਤੀ ਸੰਵਿਧਾਨ ਵਿੱਚ 1976 ਵਿੱਚ 42ਵੀਂ ਸੰਵਿਧਾਨਿਕ ਸੋਧ ਰਾਹੀਂ ਸੰਵਿਧਾਨ ਵਿੱਚ ਇੱਕ ਨਵਾਂ ਭਾਗ ਚੌਥਾ ਏ ਅਤੇ ਅਨੁਛੇਦ 51 ਇਹ ਸ਼ਾਮਿਲ ਕੀਤੇ ਗਏ ਜਿਸ ਰਾਹੀਂ ਭਾਰਤੀ ਸੰਵਿਧਾਨ ਵਿੱਚ 10 ਮੌਲਿਕ ਕਰਤਵ ਸ਼ਾਮਿਲ ਕੀਤੇ ਗਏ ਅਤੇ ਦਸੰਬਰ 2002 ਵਿੱਚ 86 ਸੰਵਿਧਾਨਿਕ ਸੋਧ ਰਾਹੀਂ ਸੰਵਿਧਾਨ ਵਿੱਚ ਗਿਆਰਵਾਂ ਕਰਤੱਵ ਸ਼ਾਮਿਲ ਕੀਤਾ ਗਿਆ।

## ਪਾਠ 13 ਰਾਜਨੀਤੀ ਦੇ ਨਿਰਦੇਸ਼ਕ ਸਿਧਾਂਤ

51. ਰਾਜ ਦੇ ਨੀਤੀ ਨਿਰਦੇਸ਼ਕ ਸਿਧਾਂਤ ਦੇ ਉਦਾਰਵਾਦੀ ਸਿਧਾਂਤਾਂ ਦੀ ਵਿਆਖਿਆ ਕਰੋ?

ਉੱਤਰ:- ਉਧਾਰਵਾਦੀ ਸਿਧਾਂਤ ਅਨਛੇਦ 44 ਦੇ ਅਨੁਸਾਰ ਰਾਜ ਭਾਰਤ ਵਿੱਚ ਰਹਿਣ ਵਾਲੇ ਸਾਰੇ ਨਾਗਰਿਕਾਂ ਲਈ ਇੱਕੋ ਜਿਹੇ ਕਾਨੂੰਨ ਵਿਵਸਥਾ ਲਾਗੂ ਕਰਨ ਦਾ ਯਤਨ ਕਰੇਗਾ

ਅਨਛੇਦ 45 ਦਿਨ ਅਨੁਸਾਰ ਰਾਜ ਛੇ ਤੋਂ 14 ਸਾਲ ਦੀ ਬੱਚਿਆਂ ਦੀ ਮੁੱਢਲੀ ਦੇਖਭਾਲ ਤੇ ਮੁਫਤ ਸਿੱਖਿਆ ਦੇਣ ਦਾ ਪ੍ਰਬੰਧ ਕਰਨ ਦਾ ਯਤਨ ਕਰੇਗਾ

ਅਨਛੇਦ 47 ਦੇ ਅਨੁਸਾਰ ਰਾਜ ਦੇ ਲੋਕਾਂ ਦੇ ਖੁਰਾਕ ਦੇ ਪੱਧਰ ਅਤੇ ਲੋਕਾਂ ਦੇ ਜੀਵਨ ਨੂੰ ਉੱਚਾ ਚੁੱਕਣ ਲਈ ਜਨਤਕ ਸਿਹਤ ਨੂੰ ਸੁਧਾਰਨ ਆਪਣਾ ਮੁੱਢਲਾ ਕਰਤੱਵ ਸਮਝੇਗਾ

ਅਨਛੇਦ 48 ਦੇ ਅਨੁਸਾਰ ਰਾਜ ਪਸ਼ੂ ਪਾਲਣ ਅਤੇ ਖੇਤੀਬਾੜੀ ਨੂੰ ਆਧੁਨਿਕ ਅਤੇ ਵਿਗਿਆਨਿਕ ਢੰਗ ਨਾਲ ਸੰਗਠਨ ਕਰਨ ਅਤੇ ਪਸ਼ੂਆਂ ਦੀ ਨਸਲ ਬਣਾਈ ਰੱਖਣ ਅਤੇ ਸਧਾਰਨ ਦਾ ਯਤਨ ਕਰੇਗਾ

ਅਨਛੇਦ 49 ਦੇ ਅਨੁਸਾਰ ਰਾਜ ਇਤਿਹਾਸਕ ਅਤੇ ਕਲਾਤਮਕ ਦ੍ਰਿਸ਼ਟੀ ਤੋਂ ਮਹੱਤਵਪੂਰਨ ਸਥਾਨਾਂ ਨੂੰ ਖਰਾਬ ਹੋਣ ਤੋਂ ਖਤਮ ਹੋਣ ਤੋਂ ਤੇ ਭੱਦਾ ਹੋਣ ਤੋਂ ਬਚਾਉਣ ਉਹਨਾਂ ਦੀ ਰੱਖਿਆ ਕਰਨ ਦਾ ਯਤਨ ਕਰੇਗਾ

ਅਨਛੇਦ 50 ਦੇ ਅਨੁਸਾਰ ਰਾਜ ਜ਼ਨਤਕ ਸੇਵਾਵਾਂ ਵਿੱਚ ਨਿਆ ਪਾਲਿਕਾ ਨੂੰ ਕਾਰਜ ਪਾਲਿਕਾ ਤੋਂ ਵੱਖ ਰੱਖਣ ਦਾ ਯਤਨ ਕਰੇ

52. ਰਾਜ ਦੇ ਨੀਤੀ ਨਿਰਦੇਸ਼ਕ ਸਿਧਾਂਤ ਅੰਤਰਰਾਸ਼ਟਰੀ ਸਿਧਾਂਤਾਂ ਦੀ ਵਿਆਖਿਆ ਕਰੋ?

ਉੱਤਰ:- ਅੰਤਰਰਾਸ਼ਟਰੀ ਸਿਧਾਂਤ

1. ਅਨਛੇਦ 51 ਏ ਦੇ ਅਨੁਸਾਰ ਰਾਜ ਅੰਤਰਰਾਸ਼ਟਰੀ ਸੁਰੱਖਿਆ ਨੂੰ ਵਧਾਉਣ ਦਾ ਯਤਨ ਕਰੇਗਾ

2. ਅਨੁਛੇਦ 51 ਬੀ ਦੇ ਅਨੁਸਾਰ ਰਾਜ ਵੱਖ ਵੱਖ ਰਾਸ਼ਟਰਾਂ ਵਿੱਚ ਨਿਆਪੂਰਨ ਅਤੇ ਸਤਿਕਾਰ ਯੋਗ ਸਬੰਧ ਬਣਾਈ ਰੱਖਣ ਦਾ ਯਤਨ ਕਰੇਗਾ

3.ਅਨੁਛੇਦ 51 ਸੀ ਦੇ ਅਨੁਸਾਰ ਰਾਜ ਅੰਤਰਰਾਸ਼ਟਰੀ ਸੰਧਿਆ ਸਮਝੌਤਿਆਂ ਅਤੇ ਕਾਨੂੰਨਾਂ ਦਾ ਸਨਮਾਨ ਕਰੇਗਾ।

4. ਅਨੁਛੇਦ 51 ਡੀ ਦੇ ਅਨੁਸਾਰ ਰਾਜ ਅੰਤਰਰਾਸ਼ਟਰੀ ਝਗੜਿਆਂ ਨੂੰ ਵਿਚੋਲੇ ਦੁਆਰਾ ਨਿਪਟਾਏ ਜਾਣ ਦੀ ਕੋਸ਼ਿਸ਼ ਕਰੇਗਾ।

53. ਰਾਜ ਦੇ ਨੀਤੀ ਨਿਰਦੇਸ਼ਕ ਸਿਧਾਂਤ ਦੇ ਗਾਂਧੀਵਾਦੀ ਸਿਧਾਂਤ ਕਿਹੜੇ ਹਨ?

ਉੱਤਰ:- ਗਾਂਧੀਵਾਦੀ ਸਿਧਾਂਤ ਇਹ ਸਿਧਾਂਤ ਮਹਾਤਮਾ ਗਾਂਧੀ ਜੀ ਦੇ ਵਿਚਾਰਾਂ ਤੋਂ ਪ੍ਰਭਾਵਿਤ ਸਿਧਾਂਤ ਰੱਖੇ ਗਏ ਹਨ

1. ਅਨਛੇਦ 40 ਦੀ ਅਨੁਸਾਰ ਰਾਜ ਪਿੰਡਾਂ ਵਿੱਚ ਪੰਚਾਇਤਾਂ ਦਾ ਸੰਗਠਨ ਕਰੇਗਾ ਅਤੇ ਉਹਨਾਂ ਨੂੰ ਵੱਧ ਸ਼ਕਤੀਆਂ ਅਤੇ ਸੱਤਾ ਪ੍ਰਧਾਨ ਕਰੇਗਾ ਤਾਂ ਜੋ ਉਹ ਸਵੈ ਸ਼ਾਸਨ ਦੀਆਂ ਇਕਾਈਆਂ ਦੇ ਰੂਪ ਵਿੱਚ ਕੰਮ ਕਰ ਸਕਣ ।

2.ਅਨਛੇਦ 43 ਦੇ ਅਨੁਸਾਰ ਰਾਜ ਪੇਂਡੂ ਖੇਤਰਾਂ ਵਿੱਚ ਵਿਅਕਤੀਗਤ ਅਤੇ ਸਮੂਹਿਕ ਆਧਾਰ ਤੇ ਘਰੇਲੂ ਉਦਯੋਗਾਂ ਨੂੰ ਵਿਕਸਿਤ ਕਰਨ ਦਾ ਯਤਨ ਕਰੇਗਾ।

3.ਅਨਛੇਦ 46 ਦੇ ਅਨੁਸਾਰ ਰਾਜ ਸਮਾਜ ਦੇ ਪਿਛੜੇ ਵਰਗਾਂ ਖਾਸ ਕਰਕੇ ਅਨੁਸੂਚਿਤ ਜਾਤੀਆਂ ਅਤੇ ਅਣਚੂਤ ਕਬੀਲਿਆਂ ਦੇ ਵਿਦਿਅਕ ਅਤੇ ਆਰਥਿਕਤਾ ਨੂੰ ਉੱਚਾ ਚੁੱਕਣ ਦਾ ਯਤਨ ਕਰੇਗਾ ਅਤੇ ਉਹਨਾਂ ਨੂੰ ਅਨਿਆ ਅਤੇ ਹਰ ਪ੍ਰਕਾਰ ਦੀ ਲੁੱਟ ਕਸੁੱਟ ਤੋਂ ਬਚਾਏਗਾ ।

4. ਅਨਛੇਦ 47 ਦੇ ਅਨੁਸਾਰ ਰਾਜ ਸ਼ਰਾਬ ਅਤੇ ਹੋਰ ਨਸ਼ੀਲੀਆਂ ਵਸਤੂਆਂ ਜਿਨਾਂ ਦਾ ਸਰੀਰ ਤੇ ਮਾੜਾ ਪ੍ਰਭਾਵ ਪੈਂਦਾ ਹੈ ਉਹਨਾਂ ਦੀ ਵਰਤੋਂ ਤੇ ਰੋਕ ਲਗਾ ਲਗਾਏਗਾ ਸਿਰਫ ਦਵਾਈ ਵਿੱਚ ਪ੍ਰਯੋਗ ਹੋਣ ਵਾਲੀਆਂ ਨਸ਼ੀਲੀਆਂ ਵਸਤੂਆਂ ਦਾ ਹੀ ਪ੍ਰਬੰਧ ਕਰੇਗਾ।
5.ਅਨਛੇਦ 48 ਦੇ ਅਨੁਸਾਰ ਰਾਜ ਗਊਆਂ ਵੱਛੀਆਂ ਅਤੇ ਦਧਾਰੂ ਪਸ਼ੂ ਨੂੰ ਮਾਰਨ ਉੱਤੇ ਪਾਬੰਦੀ ਲਗਾਏਗਾ।

54. ਰਾਜ ਦੇ ਨੀਤੀ ਨਿਰਦੇਸ਼ਕ ਸਿਧਾਂਤਾਂ ਦਾ ਵਿਸਥਾਰ ਸਹਿਤ ਵਰਣਨ ਕਰੋ?
ਉੱਤਰ:- ਭਾਰਤੀ ਸੰਵਿਧਾਨ ਦੇ ਭਾਗ ਚੌਥੇ ਅਨੁਛੇਦ 36 ਤੋਂ ਅਨਛੇਦ 51 ਤੱਕ ਰਾਜਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਦਾ ਵਰਣਨ ਕੀਤਾ ਗਿਆ ਹੈ ਇਹਨਾਂ ਸਿਧਾਂਤਾਂ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਗਿਆ ਹੈ ਸਮਾਜਵਾਦੀ ਸਿਧਾਂਤ ਉਧਾਰਵਾਦੀ ਸਿਧਾਂਤ ਗਾਂਧੀਵਾਦੀ ਸਿਧਾਂਤ ਕੁਝ ਅਜਿਹੇ ਸਿਧਾਂਤ ਵੀ ਹਨ ਜੋ ਕਿਸੇ ਖਾਸ ਵਿਚਾਰਧਾਰਾ ਨਾਲ ਨਹੀਂ ਜੁੜੇ ਹੋਏ ਉਹਨਾਂ ਨੂੰ ਅਲੱਗ ਹੀ ਰੱਖਿਆ ਗਿਆ ਹੈ
ਅਨੁਛੇਦ 36 ਉਜ ਰਾਜ ਸ਼ਬਦ ਦੇ ਭਾਵ ਅਰਥਾਂ ਨੂੰ ਸਮਝਾਉਣ ਯਤਨ ਕੀਤਾ ਗਿਆ ਹੈ।
ਅਨੁਛੇਦ 37 ਵਿੱਚ ਨਿਰਦੇਸ਼ ਸਿਧਾਂਤ ਨੂੰ ਅਦਾਲਤਾਂ ਦੁਆਰਾ ਲਾਗੂ ਨਹੀਂ ਕਰਵਾਇਆ ਜਾ ਸਕਦਾ।
ਅਨੁਛੇਦ 38 ਦੇ ਅਨੁਸਾਰ ਰਾਜ ਅਜਿਹੀ ਸਮਾਜਿਕ ਅਵਸਥਾ ਸਥਾਪਿਤ ਕਰੇਗਾ ਜਿਸ ਨਾਲ ਵੱਧ ਤੋਂ ਵੱਧ ਜਾਣ ਕਲਿਆਣ ਹੋਵੇ
ਅਨੁਛੇਦ 39 ਅਨੁਸਾਰ ਰਾਜ ਆਪਣੀ ਨੀਤੀ ਨਿਰਮਾਣ ਇਸ ਤਰ੍ਹਾਂ ਕਰੇਗਾ ਕਿ ਸਾਰੇ ਨਾਗਰਿਕ ਮਰਦ ਔਰਤਾਂ ਨੂੰ ਰੋਜ਼ ਕਮਾਉਂਦੇ ਬਰਾਬਰ ਮੌਕੇ ਮਿਲ ਸਕਣ ਅਤੇ ਰਾਜ ਗਰੀਬ ਦੇ ਕਮਜ਼ੋਰ ਵਿਅਕਤੀਆਂ ਲਈ ਮੁਫਤ ਕਾਨੂੰਨੀ ਸਹਾਇਤਾ ਪ੍ਰਧਾਨ ਕਰੇਗਾ
ਅਨੁਛੇਦ 40 ਦੇ ਅਧੀਨ ਰਾਜ ਪਿੰਡਾਂ ਵਿੱਚ ਪੰਚਾਇਤਾਂ ਸੰਗਠਨ ਕਾਇਮ ਕਰਜਾ ਉਹਨਾਂ ਨੂੰ ਵੱਧ ਸ਼ਕਤੀਆਂ ਤੇ ਸੱਤਾ ਪ੍ਰਧਾਨ ਕਰੇਗਾ
ਅਨੁਛੇਦ 41 ਦੇ ਅਨੁਸਾਰ ਰਾਜ ਆਪਣੀ ਆਰਥਿਕ ਹਾਲਤ ਤੇ ਵਿਕਾਸ ਦੀਆਂ ਹੱਦ ਦੇ ਅੰਦਰ ਰਹਿੰਦਾ ਹੋਇਆ ਅਧਿਕਾਰ ਤੋਂ ਇਲਾਵਾ ਬੇਰੁਜ਼ਗਾਰੀ ਬਿਮਾਰੀ ਅਸਮਰਥਾ ਦੀ ਹਾਲਤ ਵਿੱਚ ਸਰਵਜਨਕ ਸਹਾਇਤਾ ਦਾ ਪ੍ਰਬੰਧ ਕਰੇਗਾ
ਅਨੁਛੇਦ 42 ਅਨੁਸਾਰ ਰਾਜ ਕੰਮ ਕਰਨ ਲਈ ਉਚਿਤ ਮਨੁੱਖੀ ਹਾਲਤ ਦਾ ਪ੍ਰਬੰਧ ਕਰੇਗਾ ਤੇ ਗਰਭਵਤੀ ਇਸਤੀਆਂ ਲਈ ਸਹਾਇਤਾ ਵਾਸਤੇ ਕੁਝ ਪ੍ਰਬੰਧ ਕਰੇਗਾ
ਅਨੁਛੇਦ 43 ਅਨੁਸਾਰ ਰਾਜ ਮਜ਼ਦੂਰਾਂ ਲਈ ਉਚਿਤ ਤਨਖਾਹ ਚੰਗਾ ਜੀਵਨ ਪੱਧਰ ਅਤੇ ਆਰਾਮ ਆਦਿ ਦਾ ਪ੍ਰਬੰਧ ਕਰੇਗਾ
ਅਨੁਛੇਦ 44 ਦੇ ਅਨੁਸਾਰ ਰਾਜ ਭਾਰਤ ਚ ਰਹਿਣ ਵਾਲੇ ਸਾਰੇ ਨਾਗਰਿਕਾਂ ਲਈ ਇੱਕੋ ਜਿਹੇ ਕਾਨੂੰਨ ਅਵਸਥਾ ਲਾਗੂ ਕਰਨ ਦਾ ਯਤਨ ਕਰੇਗਾ
ਅਨੁਛੇਦ 45 ਦੇ ਅਨੁਸਾਰ ਰਾਜ ਛੇ ਤੋਂ 14 ਸਾਲ ਦੇ ਬੱਚਿਆਂ ਦੀ ਮੁੱਢਲੀ ਦੇਖਭਾਲ ਤੇ ਮੁਫਤ ਸਿੱਖਿਆ ਦੇਣ ਦਾ ਪ੍ਰਬੰਧ ਕਰੇਗਾ
ਅਨੁਛੇਦ 46 ਦੇ ਅਨੁਸਾਰ ਰਾਜ ਸਮਾਜ ਦੇ ਪਿਛੜੇ ਵਰਗਾਂ ਖਾਸ ਕਰ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੇ ਵਿਦਿਕ ਅਤੇ ਆਰਥਿਕ ਖੇਤਰਾਂ ਨੂੰ ਉੱਚਾ ਚੁੱਕਣ ਦਾ ਯਤਨ ਕਰੇਗਾ
ਅਨੁਛੇਦ 47 ਦੇ ਅਨੁਸਾਰ ਰਾਜ ਦੇ ਲੋਕਾਂ ਦੇ ਖੁਰਾਕ ਦੇ ਪੱਧਰ ਲੋਕਾਂ ਦੇ ਜੀਵਨ ਉੱਚਾ ਚੁੱਕਣ ਲਈ ਜਨਤਕ ਸਿਹਤ ਸੁਧਾਰ ਸਿਹਤ ਨੂੰ ਸੁਧਾਰਨਾ ਆਪਣਾ ਮੁੱਢਲਾ ਕਰਤਵ ਸਮਝੇਗਾ
ਅਨਛੇਦ 48 ਦੇ ਅਨੁਸਾਰ ਰਾਜ ਪਸ਼ੂ ਪਾਲਣ ਅਤੇ ਖੇਤੀਬਾੜੀ ਨੂੰ ਆਧੁਨਿਕ ਅਤੇ ਵਿਗਿਆਨਿਕ ਢੰਗ ਨਾਲ ਖੜਨ ਕਰਨ ਤੇ ਪਸ਼ੂਆਂ ਦੀ ਨਸਲ ਬਣਾਈ ਰੱਖਣ ਦਾ ਯਤਨ ਕਰੇਗਾ
ਅਨਛੇਦ 49 ਦੇ ਅਨੁਸਾਰ ਰਾਜ ਇਤਿਹਾਸਕ ਅਤੇ ਕਲਾਤਮਕ ਦ੍ਰਿਸ਼ਟਮਤਪੂਰਨ ਸਥਾਨਾਂ ਨੂੰ ਖਰਾਬ ਹੋਣ ਅਤੇ ਖਤਮ ਹੋਣ ਤੋਂ ਭਾਦਾ ਹੋਣ ਤੋਂ ਬਚਾਉਣ ਉਹਨਾਂ ਦੀ ਰੱਖਿਆ ਕਰਨ ਦਾ ਯਤਨ ਕਰੇਗਾ
ਅਨਛੇਦ 50 ਦੇ ਅਨੁਸਾਰ ਰਾਜ ਅਨਤਿਕ ਸਮਾਂ ਵਿੱਚ ਨਿਆਪਾਲਿਕਾ ਨੂੰ ਕਾਰਜ ਪਾਲਿਕਾ ਤੋਂ ਵੱਖ ਰੱਖਣ ਦਾ ਯਤਨ ਕਰੇਗਾ
ਅਨਛੇਦ 51 ਦੇ ਅਨੁਸਾਰ ਆਜ ਅੰਤਰਰਾਸ਼ਟਰੀ ਸੁਰੱਖਿਆ ਨੂੰ ਵਧਾਉਣ ਦਾ ਯਤਨ ਕਰੇਗਾ ਰਾਜ ਵੱਖ ਵੱਖ ਰਾਸ਼ਟਰਾਂ ਵਿੱਚ ਨਿਆ

ਪੂਰਨ ਦੇ ਸਤਿਕਾਰਯੋਗ ਸੰਬੰਧਕ ਬਣਾਏ ਰੱਖਣ ਦਾ ਯਤਨ ਕਰੇਗਾ ਅਤੇ ਰਾਜ ਅੰਤਰਰਾਸ਼ਟਰੀ ਸੰਧੀਆਂ ਸਮਝੌਤਿਆਂ ਅਤੇ ਕਾਨੂੰਨਾਂ ਦਾ ਸਨਮਾਨ ਕਰੇਗਾ ਅੰਤਰਰਾਸ਼ਟਰੀ ਝਗੜਿਆਂ ਨੂੰ ਵਿਚੋਲੇ ਦੁਆਰਾ ਨਿਪਟਾਏ ਜਾਣ ਦੀ ਕੋਸ਼ਿਸ਼

## ਪਾਠ 14 ਭਾਰਤੀ ਸੰਘ ਦੀ ਪ੍ਰਕਿਰਤੀ ਤੇ ਕੇਂਦਰ ਸੂਬਾਈ ਸਬੰਧ

55. ਸੰਘੀ ਸੂਚੀ 'ਤੇ ਨੋਟ ਲਿਖੋ।

ਉੱਤਰ:- ਸੰਘੀ ਸੂਚੀ ਤੋਂ ਭਾਵ ਉਹ ਵਿਸ਼ੇ ਜਿਨਾਂ ਉੱਤੇ ਕੇਵਲ ਕੇਂਦਰੀ ਸੰਸਦ ਹੀ ਕਾਨੂੰਨ ਬਣਾਉਣ ਦਾ ਅਧਿਕਾਰ ਰੱਖਦੀ ਹੈ ਸੰਵਿਧਾਨ ਦੇ ਨਿਰਮਾਣ ਸਮੇਂ ਸੰਘੀ ਸੂਚੀ ਵਿੱਚ 97 ਵਿਸ਼ੇ ਸਨ ਵਰਤਮਾਨ ਸੰਘੀ ਸੂਚੀ ਵਿੱਚ 98 ਵਿਸ਼ੇਸ਼ ਸ਼ਾਮਲ ਹਨ ਸੰਘੀ ਸੂਚੀ ਵਿੱਚ ਰੱਖਿਆ, ਬੈਂਕਿੰਗ, ਵਿਦੇਸ਼ੀ ਮਾਮਲੇ ,ਕਰੰਸੀ, ਉਰਜਾ, ਬੀਮਾ ,ਅੰਤਰਰਾਜੀ ਵਪਾਰ ਅਤੇ ਅੰਤਰਰਾਸ਼ਟਰੀ ਮਹਤੱਤਾ ਵਾਲੇ ਵਿਸ਼ੇ ਸ਼ਾਮਿਲ ਕੀਤੇ ਜਾਂਦੇ ਹਨ

56. ਸਮਵਰਤੀ ਸੂਚੀ ਕੀ ਹੈ?

ਉੱਤਰ:- ਸਮਵਰਤੀ ਸੂਚੀ ਉਹ ਸੂਚੀ ਹੈ ਜਿਹੜੀ ਸੰਘ ਅਤੇ ਸੂਬਿਆਂ ਦੀ ਸਾਂਝੀ ਸੂਚੀ ਹੈ ਜਿਸ ਵਿੱਚ ਸ਼ਾਮਿਲ ਵਿਸ਼ਿਆਂ ਉੱਤੇ ਸੰਸਦ ਅਤੇ ਰਾਜ ਜਾਂ ਸੂਬਾਈ ਸਰਕਾਰਾਂ ਦੋਨੋਂ ਵਧਾਉਣ ਬਣਾ ਸਕਦੀਆਂ ਹਨ ਜੇਕਰ ਰਾਜ ਜਾਂ ਸੂਬਾਈ ਵਿਧਾਨ ਪਾਲਿਕਾ ਦੁਆਰਾ ਬਣਾਇਆ ਕਾਨੂੰਨ ਸੰਸਦ ਦੁਆਰਾ ਬਣਾਏ ਕਾਨੂੰਨ ਨਾਲ ਮੇਲ ਨਹੀਂ ਖਾਂਦਾ ਤਾਂ ਸੰਸਦ ਦੁਆਰਾ ਦੁਆਰਾ ਬਣਾਇਆ ਕਾਨੂੰਨ ਲਾਗੂ ਸਮਝਿਆ ਜਾਵੇਗਾ। ਸਮਵਰਤੀ ਸੂਚੀ ਵਸਤੂਆ ਅਤੇ ਸੇਵਾਵਾਂ ਕਰ, ਦੀਵਾਨੀ ਅਤੇ ਫੌਜਦਾਰੀ ਕਾਨੂੰਨ ਅਤੇ ਪ੍ਰਕਿਰਿਆਵਾਂ, ਵਿਆਹ ਤਲਾਕ, ਜਨਸੰਖਿਆ ,ਯੋਜਨਾ ਤੇ ਨਿਯੰਤਰਨ, ਬਿਜਲੀ ,ਮਜ਼ਦੂਰ ਭਲਾਈ ਕਾਨੂੰਨ ,ਕਿਤਾਬਾਂ ,ਅਖਬਾਰ ,ਛਾਪੇ ਖਾਣੇ ਆਦਿ ਵਿਸ਼ੇਸ਼ ਹਨ ਵਰਤਮਾਨ ਇਸ ਵਿੱਚ 52 ਵਿਸ਼ੇ ਸ਼ਾਮਿਲ ਹਨ ਜਦੋਂ ਕਿ ਸੰਵਿਧਾਨ ਲਾਗੂ ਹੋਣ ਸਮੇਂ 47 ਵਿਸ਼ੇ ਸਨ 42ਵੀਂ ਸੋਧ ਰਾਹੀਂ ਪੰਜ ਵਿਸ਼ੇ ਰਾਜ ਵਿੱਚ ਜੋ ਬਾਹਰ ਕੱਢ ਕੇ ਸਮਰਤੀ ਸੂਚੀ ਵਿੱਚ ਸ਼ਾਮਿਲ ਕੀਤੇ ਗਏ ਸਨ ਜਿਵੇਂ ਸਿੱਖਿਆ ਜੰਗਲ ਭਾਰ ਤੇ ਮਾਪ ਸਥਾਨਕ ਨਿਆਇਕ ਪ੍ਰਸ਼ਾਸਨ ਅਤੇ ਜੰਗਲੀ ਜੀਵ ਸੁਰੱਖਿਆ

57. ਵਿੱਤ ਕਮਿਸ਼ਨ ਦੀ ਬਣਤਰ ਤੋਂ ਜਾਣੂ ਕਰਵਾਓ।

ਉੱਤਰ:- ਵਿੱਤ ਕਮਿਸ਼ਨ ਸੰਵਿਧਾਨ ਦੇ ਅਨਛੇਦ 280 ਦੇ ਅਧੀਨ ਵਿੱਤ ਅਯੋਗ ਦੀ ਵਿਵਸਥਾ ਕੀਤੀ ਗਈ ਹੈ ਜਿਹੜੇ ਕਿ ਸੰਵਿਧਾਨਿਕ ਸੰਸਥਾ ਹੈ ਰਾਸ਼ਟਰਪਤੀ ਦੁਆਰਾ ਹਰ ਪੰਜ ਸਾਲ ਬਾਅਦ ਅਯੋਗ ਦੀ ਸਥਾਪਨਾ ਕੀਤੀ ਜਾਂਦੀ ਹੈ ਅਤੇ ਇਸਦੇ ਚੇਅਰਮੈਨ ਅਤੇ ਮੈਂਬਰਾਂ ਦੀ ਨਿਯੁਕਤੀ ਵੀ ਰਾਸ਼ਟਰਪਤੀ ਦੁਆਰਾ ਕੇਂਦਰੀ ਸਰਕਾਰ ਜਾਂ ਸੰਘੀ ਸਰਕਾਰ ਦੀ ਸਲਾਹ ਨਾਲ ਕੀਤੀ ਜਾਂਦੀ ਹੈ ਵਿੱਤ ਅਯੋਗ ਦਾ ਮੁੱਖ ਉਦੇਸ਼ ਕੇਂਦਰ ਅਤੇ ਸੂਬਿਆਂ ਭਾਵ ਸੰਘ ਅਤੇ ਸੂਬਿਆਂ ਵਿਚਾਲੇ ਆਮਦਨ ਦੇ ਸਰੋਤਾਂ ਦੀ ਵੰਡ ਦੀ ਸਿਫਾਰਿਸ਼ ਕਰਨਾ ਹੁੰਦਾ ਹੈ

58. ਸਰਵ-ਭਾਰਤੀ ਸੇਵਾਵਾਂ 'ਤੇ ਨੋਟ ਲਿਖੋ।

ਉੱਤਰ:- ਸਰਵ ਭਾਰਤੀ ਸੇਵਾਵਾਂ ਦੇਸ਼ ਦੇ ਪ੍ਰਸ਼ਾਸਨ ਦੀ ਰੀੜ ਦੀ ਹੱਡੀ ਮੰਨੀਆਂ ਜਾਂਦੀਆਂ ਹਨ। ਭਾਰਤ ਦੇ ਸੰਵਿਧਾਨ ਦੇ ਅਨੁਛੇਦ 312 ਅਨੁਸਾਰ ਕੇਂਦਰੀ ਜਾਂ ਸੰਘੀ ਸੰਸਦ ਰਾਜਸਭਾ ਦੁਆਰਾ ਪ੍ਰਸਤਾਵਿਤ ਪ੍ਰਸਤਾਵ ਅਨੁਸਾਰ ਨਵੀਆਂ ਸਰਵ ਭਾਰਤੀ ਲੋਕ ਸੇਵਾਵਾਂ ਦੀ ਵਿਵਸਥਾ ਕਰ ਸਕਦੀ ਹੈ। ਇਸ ਸਮੇਂ ਭਾਰਤ ਵਿੱਚ ਤਿੰਨ ਮੁੱਖ ਅਤੇ 30 ਤੋਂ ਵੱਧ ਮਿਸ਼ਰਤ ਸਰਵ ਭਾਰਤੀ ਲੋਕ ਸਭਾਵਾਂ ਦੀ ਵਿਵਸਥਾ ਕੀਤੀ ਗਈ ਹੈ ਭਾਰਤੀ ਪ੍ਰਸ਼ਾਸਨਿਕ ਸੇਵਾਵਾਂ ਆਈਏਐਸ ਭਾਰਤੀ ਪੁਲਿਸ ਸੇਵਾਵਾਂ ਆਈਪੀਐਸ ਅਤੇ ਭਾਰਤੀ ਵਿਦੇਸ਼ ਸੇਵਾਵਾਂ ਆਈਐਫਐਸ ਇਹਨਾਂ ਵਿੱਚੋਂ ਪ੍ਰਮੁੱਖ ਹਨ ਇਹਨਾਂ ਲੋਕ ਸੇਵਾਵਾਂ ਦੇ ਅਫਸਰ ਸੰਘ ਅਤੇ ਸੂਬਿਆਂ ਦੇ ਪ੍ਰਸ਼ਾਸ਼ਨ ਪੱਧਰ ਤੇ ਕੁਝ

ਅਹੁਦਿਆਂ ਤੇ ਨਿਯੁਕਤ ਹੁੰਦੇ ਹਨ ਅਤੇ ਇਹਨਾਂ ਨੂੰ ਭਰਤੀ ਅਤੇ ਸਿਖਲਾਈ ਕੇਂਦਰੀ ਸਰਕਾਰ ਦੁਆਰਾ ਦਿੱਤੀ ਜਾਂਦੀ ਹੈ ਅਤੇ ਸੰਘ ਹੀ ਇਹਨਾਂ ਸੇਵਾਵਾਂ ਦੇ ਉੱਪਰ ਅਹਿਮ ਕੰਟਰੋਲ ਕਰਦਾ ਹੈ ਇਸ ਤੋਂ ਇਲਾਵਾ ਰਾਜ ਲੋਕ ਸੇਵਾ ਕਮਿਸ਼ਨਰਾਂ ਦੇ ਚੇਅਰਮੈਨ ਅਤੇ ਮੈਂਬਰਾਂ ਨਿਯੁਕਤੀ ਰਾਜ ਦੇ ਰਾਜਪਾਲਾਂ ਦੁਆਰਾ ਕੀਤੀ ਜਾਂਦੀ ਹੈ। ਪਰ ਇਹਨਾਂ ਨੂੰ ਪਦਵੀ ਤੋਂ ਕੇਵਲ ਰਾਸ਼ਟਰਪਤੀ ਦੁਆਰਾ ਹੀ ਹਟਾਇਆ ਜਾ ਸਕਦਾ ਹੈ। ਦੋ ਜਾਂ ਦੋ ਤੋਂ ਵੱਧ ਰਾਜਾਂ ਲਈ ਸਾਂਝੇ ਲੋਕ ਸੇਵਾ ਕਮਿਸ਼ਨ ਦੀ ਸਥਾਪਨਾ ਉਹਨਾਂ ਦੀ ਪ੍ਰਤੀ ਬੇਨਤੀ ਪ੍ਰਸਤਾਵ ਤੇ ਸੰਸਦ ਦੁਆਰਾ ਕੀਤੀ ਜਾਂਦੀ ਹੈ।

59. ਸੂਬਿਆਂ ਦੀ ਆਮਦਨ ਦੇ ਸਾਧਨਾਂ ਤੋਂ ਜਾਣੂ ਦਰਸਾਓ।

ਉੱਤਰ:- ਸੰਵਿਧਾਨ ਦੀ 101 ਸੋਧ 2016 ਰਾਹੀਂ ਕੇਂਦਰ ਵਸਤੂਆਂ ਅਤੇ ਸੇਵਾਵਾਂ ਕਰ ਜੀਐਸਟੀ ਅਤੇ ਸਬਾਈ ਵਸਤੂਆਂ ਸੇਵਾਵਾਂ ਕਰ ਸਟੇਟ ਜੀਐਸਟੀ ਲਗਾਉਣ ਦੀ ਵਿਵਸਥਾ ਕੀਤੀ ਗਈ ਹੈ ਅਨੁਛੇਦ 268 ਅਨੁਸਾਰ ਕੁਝ ਕਰ ਕੇਂਦਰ ਜਾਂ ਸੰਗ ਦੁਆਰਾ ਲਗਾਇਆ ਜਾਂਦੇ ਹਨ ਪਰ ਉਹਨਾਂ ਨੂੰ ਇਕੱਠਾ ਅਤੇ ਪ੍ਰਯੋਗ ਕਰਨ ਦਾ ਅਧਿਕਾਰ ਰਾਜਾਂ ਨੂੰ ਦਿੱਤਾ ਗਿਆ ਜਿਵੇਂ ਵਟਾਂਦਰਾ ਬਿੱਲਾਂ ਚੈਕਾਂ ਬੀਮਿਆਂ ਦੀਆਂ ਨੀਤੀਆਂ, ਹਿੱਸੇਦਾਰ ਦਾ ਤਬਾਦਲਾ ਆਦਿ ਉਤੇ ਇਸ ਸਟੈਂਪ ਡਿਊਟੀ ਤੋਂ ਇਕੱਠਾ ਕਰ ਹੁਣ ਛੇਦ 69 ਅਨੁਸਾਰ ਸੰਘ ਜਾਂ ਕੇਂਦਰ ਸਰਕਾਰ ਦੁਆਰਾ ਕੁਝ ਕਰ ਲਗਾਏ ਜਾਂਦੇ ਅਤੇ ਇਕੱਠੇ ਕੀਤੇ ਜਾਂਦੇ ਹਨ ਅਤੇ ਉਹਨਾਂ ਕਰਾਂ ਤੋਂ ਪ੍ਰਾਪਤ ਆਮਦਨ ਸੂਬਿਆਂ ਜਾਂ ਰਾਜਾਂ ਨੂੰ ਦੇ ਦਿੱਤੀ ਜਾਂਦੀ ਹੈ ਉਦਾਹਰਨ ਅੰਤਰਰਾਜੀ ਵਪਾਰ ਵਿੱਚ ਵਸਤੂਆਂ ਦੀ ਖਰੀਦ ਉੱਤੇ ਲਗਾਏ ਗਏ ਕਰ ਹੁਣ 27% । ਕੁਝ ਕਰ ਅਜਿਹੇ ਹਨ ਜਿਨਾਂ ਨੂੰ ਕੇਂਦਰ ਸਰਕਾਰ ਦੁਆਰਾ ਲਗਾਇਆ ਅਤੇ ਇਕੱਠਾ ਕੀਤਾ ਜਾਂਦਾ ਹੈ ਪਰ ਅਜਿਹੇ ਕਰਾਂ ਤੋਂ ਪ੍ਰਾਪਤ ਆਮਦਨ ਨੂੰ ਕੇਂਦਰ ਅਤੇ ਰਾਜਾਂ ਵਿਚਾਲੇ ਵੰਡ ਲਿਆ ਜਾਂਦਾ ਹੈ। ਇਸ ਕਿਸਮਾਂ ਦੀਆਂ ਡਿਊਟੀਆਂ ਸਰਜਾਰ ਤੋਂ ਕੁਝ ਆਮਦਨ ਹੁੰਦੀ ਹੈ ਰਾਜਾਂ ਜਾਂ ਸੂਬਿਆਂ ਨੂੰ ਕੁਝ ਆਮਦਨ ਭੂਮੀਕਾਰ ਖੇਤੀਬਾੜੀ ਆਮਦਨ ਕਰ ਅਤੇ ਖਣਿਜ ਆਦਿ ਤੋਂ ਹੁੰਦੀ ਹੈ। ਗੈਰ ਮਾਲੀਆ ਤੋਂ ਵੀ ਕਈ ਤਰ੍ਹਾਂ ਦੀਆਂ ਆਮਦਨ ਰਾਜ ਸਰਕਾਰਾਂ ਨੂੰ ਹੁੰਦੀ ਹੈ ਜਿਵੇਂ ਸਿੰਚਾਈ ,ਜੰਗਲਾਤ ,ਮੱਛੀ ਪਾਲਣ । ਰਾਜ ਖੁਦ ਵੀ ਜਨਤਕ ਅਦਾਰਿਆਂ ਤੋਂ ਕੁਝ ਆਮਦਨ, ਕੇਂਦਰ ਜਾਂ ਸੰਘੀ ਸਰਕਾਰ ਗਰਾਂਟਾਂ ਦੇ ਰੂਪ ਵਿੱਚ ਵੀ ਰਾਜਾਂ ਨੂੰ ਵੰਡਦੀ ਹੈ ਜਿਵੇਂ ਪ੍ਰਵਿਧਾਨ ਗਰਾਂਟ 25 ਅਨੁਛੇਦ 295 ਅਨੁਸਾਰ ਸੰਸਦ ਸੂਬਿਆਂ ਦੀਆਂ ਵਿੱਤੀ ਜਰੂਰਤਾਂ ਅਤੇ ਹਾਲਾਤ ਨੂੰ ਮੁੱਖ ਰੱਖਦੇ ਹੋਏ ਸਟੈਚਰੀ ਕਰਾਉਣ ਜਾਰੀ ਕਰਦੀ ਹੈ ਸੰਘੀ ਜਾਂ ਕੇਂਦਰ ਦੀ ਇੱਛਾ ਤੇ ਨਿਰਭਰ ਅਖਤਿਆਰੀ ਗਰਾਂਟਾਂ ਅਨੁਛੇਦ 282 ਅਨੁਸਾਰ ਸੰਘ ਆਪਣੀ ਮਰਜ਼ੀ ਨਾਲ ਸੂਬਿਆਂ ਨੂੰ ਲੋਕ ਭਲਾਈ ਉਦੇਸ਼ਾਂ ਲਈ ਗਰਾਂਟਾਂ ਜਾਰੀ ਕਰ ਸਕਦਾ ।